ਸਤ੍ਰੁ ਬਿਹੰਡ ਸੁਰਿਦਿ ਸੁਖਦਾਇਕ। ਚੰਡ ਮੁੰਡ ਦਾਨਵ ਕੇ ਘਾਇਕ।
ਸਤਿ ਸੰਧਿ ਸਤਿਤਾ ਨਿਵਾਸਾ। ਭੂਤ ਭਵਿਖ ਭਵਾਨ ਨਿਰਾਸਾ। ੯੩।

ਆਦਿ ਅਨੰਤ ਅਰੂਪ ਅਭੇਸਾ। ਘਟ ਘਟ ਭੀਤਰ ਕੀਯਾ ਪ੍ਰਵੇਸਾ।
ਅੰਤਰ ਬਸਤ ਨਿਰੰਤਰ ਰਹਈ। ਸਨਕ ਸਨੰਦ ਸਨਾਤਨ ਕਹਈ। ੯੪।

ਆਦਿ ਜੁਗਾਦਿ ਸਦਾ ਪ੍ਰਭੁ ਏਕੈ। ਧਰਿ ਧਰਿ ਮੂਰਤਿ ਫਿਰਤਿ ਅਨੇਕੈ।
ਸਭ ਜਗ ਕਹ ਇਹ ਬਿਧਿ ਭਰਮਾਯਾ। ਆਪੇ ਏਕ ਅਨੇਕ ਦਿਖਾਯਾ। ੯੫।

ਘਟ ਘਟ ਮਹਿ ਸੋਇ ਪੁਰਖ ਬ੍ਯਾਪਕ। ਸਕਲ ਜੀਵ ਜੰਤਨ ਕੇ ਥਾਪਕ।
ਜਾ ਤੇ ਜੋਤਿ ਕਰਤ ਆਕਰਖਨ। ਤਾ ਕਹ ਕਹਤ ਮ੍ਰਿਤਕ ਜਗ ਕੇ ਜਨ। ੯੬।

ਤੁਮ ਜਗ ਕੇ ਕਾਰਨ ਕਰਤਾਰਾ। ਘਟਿ ਘਟਿ ਕੀ ਮਤਿ ਜਾਨਨਹਾਰਾ।
ਨਿਰੰਕਾਰ ਨਿਰਵੈਰ ਨਿਰਾਲਮ। ਸਭ ਹੀ ਕੇ ਮਨ ਕੀ ਤੁਹਿ ਮਾਲਮ। ੯੭।

ਤੁਮ ਹੀ ਬ੍ਰਹਮਾ ਬਿਸਨ ਬਨਾਯੋ। ਮਹਾ ਰੁਦ੍ਰ ਤੁਮ ਹੀ ਉਪਜਾਯੋ।
ਤੁਮ ਹੀ ਰਿਖਿ ਕਸਪਹਿ ਬਨਾਵਾ। ਦਿਤ ਅਦਿਤ ਜਨ ਬੈਰ ਬਢਾਵਾ। ੯੮।

ਜਗ ਕਾਰਨ ਕਰੁਨਾਨਿਧਿ ਸ੍ਵਾਮੀ। ਕਮਲ ਨੈਨ ਅੰਤਰ ਕੇ ਜਾਮੀ।
ਦਯਾ ਸਿੰਧੁ ਦੀਨਨ ਕੇ ਦਯਾਲਾ। ਹੂਜੈ ਕ੍ਰਿਪਾਨਿਧਾਨ ਕ੍ਰਿਪਾਲਾ। ੯੯।

ਚਰਨ ਪਰੇ ਇਹ ਬਿਧਿ ਬਿਨਤੀ ਕਰਿ। ਤ੍ਰਾਹਿ ਤ੍ਰਾਹਿ ਰਾਖਹੁ ਹਮ ਧੁਰਧਰ।
ਕਹ ਕਹ ਹਸਾ ਬਚਨ ਸੁਨ ਕਾਲਾ। ਭਗਤ ਜਾਨ ਕਰ ਭਯੋ ਕ੍ਰਿਪਾਲਾ। ੧੦੦।

ਰਛ ਰਛ ਕਰਿ ਸਬਦ ਉਚਾਰੋ। ਸਭ ਦੇਵਨ ਕਾ ਸੋਕ ਨਿਵਾਰੋ।
ਨਿਜੁ ਭਗਤਨ ਕਹ ਲਿਯੋ ਉਬਾਰਾ। ਦੁਸਟਨ ਕੇ ਸੰਗ ਕਰਿਯੋ ਅਖਾਰਾ। ੧੦੧।

ਕਰਿ ਕਰਿ ਕੋਪ ਕਾਲ ਸ੍ਰੀ ਤਬ ਹੀ। ਰਥ ਪਰ ਚੜਾ ਸਸਤ੍ਰ ਲੈ ਸਭ ਹੀ।
ਸਕਲ ਸਤ੍ਰੁਅਨ ਕੇ ਛੈ ਕਾਰਨ। ਸਭ ਸੰਤਨ ਕੇ ਪ੍ਰਾਨ ਉਬਾਰਨ। ੧੦੨।

ਪ੍ਰਾਨ ਔਰ ਪਾਨਿਪ ਧਨੁ ਰਾਜਾ। ਰਾਖਨ ਚੜਾ ਸੇਵਕਨ ਕਾਜਾ।
ਜਾ ਕੀ ਧੁਜਾ ਬਿਖੈ ਰਾਜਿਤ ਅਸਿ। ਨਿਰਖਿ ਸਤ੍ਰੁ ਜਿਹ ਹੋਤ ਬਿਮਨ ਬਸਿ। ੧੦੩।

(ਤੁਸੀਂ) ਵੈਰੀਆਂ ਨੂੰ ਨਸ਼ਟ ਕਰਨ ਵਾਲੇ, ਭਗਤਾਂ ('ਸੁਰਿਦਿ') ਨੂੰ ਸੁਖ ਦੇਣ ਵਾਲੇ, ਚੰਡ ਅਤੇ ਮੁੰਡ ਦੈਂਤਾਂ ਨੂੰ ਮਾਰਨ ਵਾਲੇ, ਸੱਚੀ ਪ੍ਰਤਿਗਿਆ ਕਰਨ ਵਾਲੇ, ਸਚਾਈ ਵਿਚ ਨਿਵਾਸ ਕਰਨ ਵਾਲੇ ਅਤੇ ਭੂਤ, ਭਵਿਖ ਤੇ ਵਰਤਮਾਨ ਦੇ ਪ੍ਰਭਾਵ ਤੋਂ ਮੁਕਤ ('ਨਿਰਾਸਾ' ਆਸ਼ਾ-ਰਹਿਤ) ਹੋ।੯੩।

(ਤੁਸੀਂ) ਆਦਿ (ਰੂਪ ਵਾਲੇ), ਅਨੰਤ, ਅਰੂਪ ਅਤੇ ਭੇਸ-ਰਹਿਤ ਹੋ। (ਤੁਸੀਂ) ਘਟ ਘਟ (ਭਾਵ ਹਰ ਇਕ ਜੀਵ) ਵਿਚ ਪ੍ਰਵੇਸ਼ ਕੀਤਾ ਹੋਇਆ ਹੈ (ਅਰਥਾਤ ਸਭ ਵਿਚ ਆਤਮਾ ਹੋ ਕੇ ਵਸ ਰਹੇ ਹੋ)। (ਤੁਸੀਂ) ਹਰ ਇਕ ਦੇ ਅੰਦਰ ਨਿਰੰਤਰ ਵਸਦੇ ਰਹਿੰਦੇ ਹੋ। (ਇਹ ਵਿਚਾਰ) ਸਨਕ, ਸਨੰਦਨ, ਸਨਾਤਨ (ਅਤੇ ਸਨਤ ਕੁਮਾਰ) ਆਦਿ ਨੇ ਪ੍ਰਗਟ ਕੀਤਾ ਹੈ।੯੪।

ਹੇ ਪ੍ਰਭੂ! (ਤੁਸੀਂ) ਆਦਿ ਜੁਗਾਦਿ ਤੋਂ ਇਕ ਹੀ ਹੋ ਅਤੇ ਅਨੇਕ ਰੂਪ ਧਾਰ ਕੇ ਵਿਚਰ ਰਹੇ ਹੋ। ਸਾਰੇ ਜਗਤ ਨੂੰ ਇਸ ਤਰ੍ਹਾਂ ਭਰਮਾਇਆ ਹੋਇਆ ਹੈ ਅਤੇ ਆਪਣੇ ਆਪ ਨੂੰ ਇਕ ਤੋਂ ਅਨੇਕ ਕਰ ਕੇ ਵਿਖਾਇਆ ਹੋਇਆ ਹੈ।੯੫।

ਘਟ ਘਟ ਵਿਚ ਉਹ ਪੁਰਸ਼ (ਤੁਸੀਂ ਹੀ) ਵਿਆਪਤ ਹੋ ਅਤੇ ਸਾਰੇ ਜੀਵ ਜੰਤੂਆਂ ਦੀ ਸਥਾਪਨਾ ਕਰਨ ਵਾਲੇ ਹੋ। ਜਿਸ ਤੋਂ ਜੋਤਿ ਨੂੰ ਖਿਚ ਲੈਂਦੇ ਹੋ, ਉਸ ਨੂੰ ਜਗਤ ਵਾਲੇ ਲੋਗ ਮਰਿਆ ਹੋਇਆ ਕਹਿੰਦੇ ਹਨ।੯੬।

ਤੁਸੀਂ ਹੀ ਜਗ ਦੇ ਕਾਰਨ ਅਤੇ ਕਰਤਾ ਹੋ ਅਤੇ ਘਟ ਘਟ ਦੇ ਮਤ ਨੂੰ ਜਾਣਨ ਵਾਲੇ ਹੋ। (ਤੁਸੀਂ) ਨਿਰਾਕਾਰ, ਨਿਰਵੈਰ, ਨਿਰਾਲੇ ਹੋ ਅਤੇ ਸਭ ਦੇ ਮਨ ਦੀ (ਹਾਲਤ ਦਾ) ਤੁਹਾਨੂੰ ਪਤਾ ਹੈ।੯੭।

ਤੁਸੀਂ ਹੀ ਬ੍ਰਹਮਾ ਅਤੇ ਵਿਸ਼ਣੂ ਬਣਾਇਆ ਹੈ ਅਤੇ ਮਹਾ ਰੁਦ੍ਰ ਨੂੰ ਵੀ ਤੁਸੀਂ ਹੀ ਉਤਪੰਨ ਕੀਤਾ ਹੈ। ਤੁਸੀਂ ਹੀ ਕਸ਼੍ਯਪ ਰਿਸ਼ੀ ਨੂੰ ਬਣਾਇਆ ਹੈ ਅਤੇ ਦਿਤੀ ਤੇ ਅਦਿਤੀ ਦੀ ਸੰਤਾਨ ਵਿਚ ਵੈਰ ਵਧਾਇਆ ਹੈ।੯੮।

ਹੇ ਕਮਲ ਨੈਨ, ਜਗ-ਕਾਰਨ, ਕਰੁਣਾ-ਨਿਧਾਨ, ਸੁਆਮੀ, ਅੰਤਰਯਾਮੀ ਦਯਾ, ਦੇ ਸਮੁੰਦਰ, ਦੀਨ-ਦਿਆਲ ਅਤੇ ਕ੍ਰਿਪਾ-ਨਿਧਾਨ! (ਤੁਸੀਂ ਸਾਡੇ ਉਤੇ) ਕ੍ਰਿਪਾ ਕਰੋ।੯੯।

(ਤੁਹਾਡੇ) ਚਰਨਾਂ ਵਿਚ ਪਏ ਹੋਏ (ਅਸੀਂ) ਇਸ ਤਰ੍ਹਾਂ ਬੇਨਤੀ ਕਰਦੇ ਹਾਂ ਕਿ ਹੇ ਧੁਰ ਤੋਂ ਹੀ ਮਰਯਾਦਾ ਨੂੰ ਧਾਰਨ ਕਰ ਵਾਲੇ! ਸਾਨੂੰ ਬਚਾ ਲਵੋ, ਬਚਾ ਲਵੋ। ਕਾਲ (ਉਨ੍ਹਾਂ ਦੇ) ਬੋਲ ਸੁਣ ਕੇ 'ਕਹ ਕਹ' ਕਰ ਕੇ ਹਸਣ ਲਗਾ ਅਤੇ ਭਗਤ ਜਾਣ ਕੇ ਕ੍ਰਿਪਾਲੂ ਹੋ ਗਿਆ।੧੦੦।

(ਮਹਾ ਕਾਲ ਨੇ ਅਗੋਂ) 'ਰਖਿਆ, ਰਖਿਆ' ਸ਼ਬਦਾਂ ਦਾ ਉਚਾਰਨ ਕੀਤਾ ਅਤੇ ਸਾਰਿਆਂ ਦੇਵਤਿਆਂ ਦਾ ਦੁਖ ਦੂਰ ਕਰ ਦਿੱਤਾ। ਆਪਣੇ ਭਗਤਾਂ ਨੂੰ ਬਚਾ ਲਿਆ ਅਤੇ ਵੈਰੀਆਂ ਨਾਲ ਯੁੱਧ ਕੀਤਾ।੧੦੧।

ਤਦ ਹੀ ਸ੍ਰੀ ਕਾਲ ਕ੍ਰੋਧ ਕਰ ਕੇ ਅਤੇ ਸਾਰੇ ਸ਼ਸਤ੍ਰਾਂ ਨੂੰ ਧਾਰਨ ਕਰ ਕੇ ਰਥ ਉਤੇ ਚੜ੍ਹ ਪਿਆ। (ਅਜਿਹਾ ਕਰਨ ਦਾ ਉਸ ਦਾ ਮੂਲ ਮਨੋਰਥ ਸੀ) ਸਾਰਿਆਂ ਵੈਰੀਆਂ ਦਾ ਨਾਸ਼ ਕਰਨਾ ਅਤੇ ਸਾਰਿਆਂ ਸੰਤਾਂ ਦੇ ਪ੍ਰਾਣਾਂ ਦੀ ਰਖਿਆ ਕਰਨਾ।੧੦੨।

ਪ੍ਰਾਣਾਂ ਅਤੇ ਸ਼ੋਭਾ ਰੂਪ ਧਨ ਦਾ ਸੁਆਮੀ ਸੇਵਕਾਂ ਦੀ ਰਖਿਆ ਲਈ ਚੜ੍ਹ ਪਿਆ। ਜਿਸ ਦੇ ਝੰਡੇ ਵਿਚ ਤਲਵਾਰ (ਦਾ ਚਿੰਨ੍ਹ) ਸ਼ੋਭ ਰਿਹਾ ਸੀ ਅਤੇ ਜਿਸ ਨੂੰ ਵੇਖ ਕੇ ਵੈਰੀ ਚਿੰਤਾ ਵਿਚ ਫਸ ਜਾਂਦੇ ਸਨ।੧੦੩।

ਅਸਿਧੁਜ ਅਧਿਕ ਕੋਪ ਕਰਿ ਧਾਯੋ। ਬੈਰਿ ਬ੍ਰਿੰਦ ਦਲ ਪ੍ਰਗਟ ਖਪਾਯੋ।
ਸਾਧੁਨ ਕੀ ਰਛਾ ਕਰਿ ਲੀਨੀ। ਸਤ੍ਰੁ ਸੈਨ ਤਿਲ ਤਿਲ ਘੈ ਕੀਨੀ। ੧੦੪।

ਤਿਲ ਤਿਲ ਏਕ ਏਕ ਕਰਿ ਡਾਰਾ। ਗਜੀ ਰਥੀ ਬਾਜਿਯਨ ਬਿਦਾਰਾ।
ਤਿਹ ਤੇ ਅਮਿਤ ਅਸੁਰ ਉਠਿ ਧਏ। ਘੇਰਤ ਮਹਾਕਾਲ ਕਹ ਞਏ। ੧੦੫।

ਮਚਤ ਭਯੋ ਜਬ ਹੀ ਰਨ ਦਾਰੁਨ। ਕਟਿ ਕਟਿ ਗਏ ਬਾਜ ਅਰੁ ਬਾਰੁਨ।
ਜੰਬਕ ਗੀਧ ਮਾਸੁ ਲੈ ਗਏ। ਰਨ ਤਜਿ ਸੁਭਟਨ ਭਾਜਤ ਭਏ। ੧੦੬।

ਸਸਤ੍ਰ ਸਾਜ ਕੋਪਾ ਤਬ ਕਾਲਾ। ਧਾਰਨ ਭਯੋ ਭੇਸ ਬਿਕਰਾਲਾ।
ਬਾਨ ਅਨੇਕ ਕੋਪ ਕਰਿ ਛੋਰੇ। ਸਤ੍ਰੁ ਅਨੇਕਨ ਕੇ ਸਿਰ ਫੋਰੇ। ੧੦੭।

ਹਕਾਹਕੀ ਮਾਚਾ ਸੰਗ੍ਰਾਮਾ। ਪਠੈ ਦਏ ਬਹੁ ਅਰਿ ਮ੍ਰਿਤੁ ਧਾਮਾ।
ਬਾਜ ਖੁਰਨ ਭੂ ਆਕੁਲ ਭਈ। ਖਟ ਪਟ ਭੂਮਿ ਗਗਨ ਉਡਿ ਗਈ। ੧੦੮।

ਏਕੈ ਰਹਿ ਗਯੋ ਜਬੈ ਪਯਾਲਾ। ਐਸਾ ਮਚਾ ਜੁਧ ਬਿਕਰਾਲਾ।
ਮਹਾ ਕਾਲ ਕੈ ਭਯੋ ਪ੍ਰਸੇਤਾ। ਡਾਰਾ ਭੂਮਿ ਪੌਛਿ ਕਰਿ ਤੇਤਾ। ੧੦੯।

ਭਟਾਚਾਰਜ ਰੂਪ ਤਬ ਧਰਾ। ਬਦਨ ਪ੍ਰਸੇਤ ਧਰਨਿ ਜੋ ਪਰਾ।
ਢਾਢਿ ਸੈਨ ਢਾਢੀ ਬਪੁ ਲਯੋ। ਕਰਖਾ ਬਾਰ ਉਚਾਰਤ ਭਯੋ। ੧੧੦।

ਜਿਹ ਅਰਿ ਕਾਲ ਕ੍ਰਿਪਾਨ ਪ੍ਰਹਾਰੈ। ਇਕ ਤੇ ਦੋਇ ਪੁਰਖ ਕੈ ਡਾਰੈ।
ਦ੍ਵੈ ਮਨੁਖਨ ਪਰ ਕਰਤ ਪ੍ਰਹਾਰਾ। ਦ੍ਵੈ ਤੇ ਹੋਤ ਛਿਨਿਕ ਮੋ ਚਾਰਾ। ੧੧੧।

ਬਹੁਰਿ ਕਾਲ ਕੀਨਾ ਘਮਸਾਨਾ। ਮਾਰਤ ਭਯੋ ਦੈਤ ਬਿਧਿ ਨਾਨਾ।
ਅਧਿਕ ਪ੍ਰਸੇਤ ਧਰਨਿ ਪਰ ਪਰਿਯੋ। ਭੂਮ ਸੈਨ ਤਾ ਤੇ ਬਪੁ ਧਰਿਯੋ। ੧੧੨।

ਕਾਢਿ ਕ੍ਰਿਪਾਨ ਧਸੌ ਹੁੰਕਾਰਾ। ਤਿਨ ਤੇ ਅਮਿਤ ਗਨਨ ਤਨ ਧਾਰਾ।
ਢੋਲ ਪਟਹਿ ਇਕ ਤਾਲ ਬਜਾਵੈ। ਜੰਗ ਮੁਚੰਗ ਉਪੰਗ ਸੁਨਾਵੈ। ੧੧੩।

ਗੋਮੁਖ ਝਾਂਝਰ ਤੂਰ ਅਪਾਰਾ। ਢੋਲ ਮ੍ਰਿਦੰਗ ਮੁਚੰਗ ਨਗਾਰਾ।
ਬਾਜਤ ਭੇਰ ਭਭਾਕਹਿ ਭੀਖਨ। ਕਸਿ ਧਨੁ ਤਜਤ ਸੁਭਟ ਸਰ ਤੀਛਨ। ੧੧੪।

ਭਰਿ ਗੇ ਕੁੰਡ ਤਹਾ ਸ੍ਰੋਨਤ ਤਨ। ਪ੍ਰਗਟੇ ਅਸੁਰ ਤਵਨ ਤੇ ਅਨਗਨ।
ਮਾਰਿ ਮਾਰਿ ਮਿਲਿ ਕਰਤ ਪੁਕਾਰਾ। ਤਿਨ ਤੇ ਪ੍ਰਗਟਤ ਅਸੁਰ ਹਜਾਰਾ। ੧੧੫।

ਅਸਿਧੁਜ (ਜਿਸ ਦੀ ਧੁਜਾ ਉਪਰ ਤਲਵਾਰ ਦਾ ਚਿੰਨ੍ਹ ਹੈ, ਭਾਵ-ਮਹਾ ਕਾਲ) ਬਹੁਤ ਕ੍ਰੋਧਵਾਨ ਹੋ ਕੇ ਚੜ੍ਹ ਪਿਆ ਅਤੇ ਵੈਰੀ ਦਲਾਂ ਦੇ ਸਮੂਹ ਨੂੰ ਜ਼ਾਹਿਰਾ ਤੌਰ ਤੇ ਖਪਾ ਦਿੱਤਾ। (ਉਸ ਨੇ) ਸਾਧਾਂ ਦੀ ਰਖਿਆ ਕਰ ਲਈ ਅਤੇ ਵੈਰੀਆਂ ਦੀ ਸੈਨਾ ਨੂੰ ਤਿਲ ਤਿਲ ਕਰ ਕੇ ਨਸ਼ਟ ਕਰ ਦਿੱਤਾ।੧੦੪।

(ਉਸ ਨੇ) ਇਕ ਇਕ ਨੂੰ ਤਿਲ ਤਿਲ ਜਿੰਨਾ ਕਰ ਦਿੱਤਾ ਅਤੇ ਹਾਥੀਆਂ, ਘੋੜਿਆਂ ਅਤੇ ਰਥਾਂ ਵਾਲਿਆਂ ਨੂੰ ਨਸ਼ਟ ਕਰ ਦਿੱਤਾ।੧੦੫।

ਜਦੋਂ ਭਿਆਨਕ ਯੁੱਧ ਸ਼ੁਰੂ ਹੋ ਗਿਆ ਤਾਂ ਹਾਥੀ ਅਤੇ ਘੋੜੇ ਕਟੇ ਜਾਣ ਲਗੇ। ਗਿਧਾਂ ਅਤੇ ਗਿਦੜ ਮਾਸ ਲੈ ਗਏ ਅਤੇ ਯੋਧੇ ਰਣ ਛਡ ਕੇ ਭਜ ਗਏ।੧੦੬।

ਤਦ ਮਹਾ ਕਾਲ ਸ਼ਸਤ੍ਰ ਸੰਭਾਲ ਕੇ ਬਹੁਤ ਰੋਹ ਵਿਚ ਆ ਗਿਆ ਅਤੇ ਭਿਆਨਕ ਭੇਸ ਧਾਰਨ ਕਰ ਲਿਆ। (ਉਸ ਨੇ) ਕ੍ਰੋਧਿਤ ਹੋ ਕੇ ਬਹੁਤ ਸਾਰੇ ਬਾਣ ਛਡੇ ਅਤੇ ਅਨੇਕ ਵੈਰੀਆਂ ਦੇ ਸਿਰ ਫੋੜ ਦਿੱਤੇ।੧੦੭।

ਖਿਚੋਤਾਣੀ ਨਾਲ ਯੁੱਧ ਹੋਣ ਲਗ ਗਿਆ। (ਮਹਾ ਕਾਲ ਨੇ) ਬਹੁਤ ਸਾਰੇ ਵੈਰੀਆਂ ਨੂੰ ਯਮ-ਲੋਕ ਭੇਜ ਦਿੱਤਾ। ਘੋੜਿਆਂ ਦੇ ਖੁਰਾਂ (ਦੇ ਵਜਣ ਨਾਲ) ਧਰਤੀ ਵਿਆਕੁਲ ਹੋ ਗਈ ਅਤੇ ਭੂਮੀ ਦੇ ਛੇ ਪੜਦੇ (ਪਟ, ਪੁੜ) ਆਕਾਸ਼ ਵਿਚ (ਧੂੜ ਬਣ ਕੇ) ਉਡ ਗਏ।੧੦੮।

ਜਦ ਕੇਵਲ ਇਕੋ ਪਾਤਾਲ ਰਹਿ ਗਿਆ ਤਾਂ ਅਜਿਹਾ ਭਿਆਨਕ ਯੁੱਧ ਮਚਿਆ ਕਿ ਮਹਾ ਕਾਲ ਨੂੰ ਪਸੀਨਾ ਆ ਗਿਆ। (ਉਸ ਨੇ) ਉਹ ਸਾਰਾ ਪੂੰਝ ਕੇ ਧਰਤੀ ਉਤੇ ਸੁਟ ਦਿੱਤਾ।੧੦੯।

(ਮਹਾ ਕਾਲ ਦੇ) ਮੁਖ ਦਾ ਜੋ ਪਸੀਨਾ ਧਰਤੀ ਉਤੇ ਡਿਗਿਆ, ਉਸ ਨੇ ਤਦ ਭਟਾਚਾਰਜ ਦਾ ਰੂਪ ਧਾਰਨ ਕਰ ਲਿਆ। (ਫਿਰ) ਢਾਢਿ ਸੈਨ ਨੇ ਢਾਢੀ ਦਾ ਸ਼ਰੀਰ ('ਬਪੁ') ਧਾਰਨ ਕੀਤਾ ਅਤੇ ਕਰਖਾ ਛੰਦ ਵਿਚ (ਮਹਾ ਕਾਲ ਦੇ ਯਸ਼ ਦੀ) ਵਾਰ ਉਚਾਰਨ ਲਗਾ।੧੧੦।

ਜਿਸ ਉਤੇ ਕਾਲ ਨੇ ਕ੍ਰਿਪਾਨ ਦਾ ਵਾਰ ਕੀਤਾ, (ਉਸ ਨੂੰ) ਇਕ ਤੋਂ ਦੋ ਪੁਰਸ਼ ਬਣਾ ਦਿੱਤਾ। (ਫਿਰ ਉਨ੍ਹਾਂ) ਦੋ ਮਨੁੱਖਾਂ ਉਤੇ ਵਾਰ ਕਰਦਾ ਅਤੇ ਛਿਣ ਭਰ ਵਿਚ ਦੋ ਤੋਂ ਚਾਰ ਹੋ ਜਾਂਦੇ।੧੧੧।

ਕਾਲ ਨੇ ਫਿਰ ਘਮਸਾਨ ਯੁੱਧ ਕੀਤਾ ਅਤੇ ਅਨੇਕ ਤਰ੍ਹਾਂ ਨਾਲ ਦੈਂਤਾਂ ਨੂੰ ਮਾਰ ਦਿੱਤਾ। (ਜਦ ਮਹਾ ਕਾਲ ਦਾ) ਹੋਰ ਪਸੀਨਾ ਧਰਤੀ ਉਤੇ ਪਿਆ, ਤਾਂ ਉਸ ਤੋਂ ਭੂਮ ਸੈਨ ਨੇ ਸ਼ਰੀਰ ਧਾਰਨ ਕੀਤਾ।੧੧੨।

(ਉਹ) ਕ੍ਰਿਪਾਨ ਕਢ ਕੇ ਲਲਕਾਰਦਾ ਹੋਇਆ (ਵੈਰੀ ਸੈਨਾ ਵਿਚ) ਧਸ ਵੜਿਆ। ਉਸ ਤੋਂ ਬੇਸ਼ੁਮਾਰ ਗਣਾਂ ਨੇ ਆਕਾਰ ਧਾਰਨ ਕੀਤੇ। ਕਈ ਇਕ ਢੋਲ, ਪੱਟਾ ਅਤੇ ਤਾਲ ਵਜਾਉਂਦੇ ਅਤੇ ਚੰਗ, ਮੁਚੰਗ ਤੇ ਉਪੰਗ (ਆਦਿ ਵਾਜੇ ਵਜਾ ਕੇ) ਸੁਣਾਉਂਦੇ।੧੧੩।

ਬੇਸ਼ੁਮਾਰ ਗੋਮੁਖ, ਝਾਂਝਰ, ਤੂਰ, ਢੋਲ, ਮ੍ਰਿਦੰਗ, ਮੁਚੰਗ, ਨਗਾਰੇ (ਆਦਿ ਵਜਣ ਲਗੇ)। ਭਿਆਨਕ ਭੇਰੀਆਂ 'ਭਭਾਕ ਭਭਾਕ' ਕਰ ਕੇ ਵਜਣ ਲਗੀਆਂ। ਸੂਰਮੇ ਧਨੁਸ਼ਾਂ ਨੂੰ ਖਿਚ ਕੇ ਤੀਰ ਛਡਣ ਲਗੇ।੧੧੪।

ਉਥੇ ਲਹੂ ਦੇ ਟੋਏ ਭਰ ਗਏ। ਉਨ੍ਹਾਂ ਵਿਚੋਂ ਅਣਗਿਣਤ ਦੈਂਤ ਪ੍ਰਗਟ ਹੋ ਗਏ। (ਉਹ) ਮਿਲ ਕੇ 'ਮਾਰੋ ਮਾਰੋ' ਪੁਕਾਰਨ ਲਗੇ। ਉਨ੍ਹਾਂ ਤੋਂ ਹਜ਼ਾਰਾਂ ਦੈਂਤ ਪੈਦਾ ਹੋਣ ਲਗੇ।੧੧੫।

ਤਿਨਹਿ ਕਾਲ ਜਬ ਧਰਨਿ ਗਿਰਾਵੈ। ਸ੍ਰੋਨ ਪੁਲਿਤ ਹ੍ਵੈ ਭੂਮਿ ਸੁਹਾਵੈ।
ਤਾ ਤੇ ਅਮਿਤ ਅਸੁਰ ਉਠਿ ਭਜਹੀ। ਬਾਨ ਕ੍ਰਿਪਾਨ ਸੈਹਥੀ ਸਜਹੀ। ੧੧੬।

ਅਧਿਕ ਕੋਪ ਕਰਿ ਸਮੁਹਿ ਸਿਧਾਰੇ। ਸਭੈ ਕਾਲ ਛਿਨ ਇਕ ਮੋ ਮਾਰੇ।
ਤਿਨ ਤੇ ਸ੍ਰੋਨਤ ਪਰਾ ਸਬੂਹਾ। ਸਾਜਤ ਭਏ ਅਸੁਰ ਤਬ ਬਿਯੂਹਾ। ੧੧੭।

ਦਾਰੁਨ ਮਚਾ ਜੁਧ ਤਬ ਝਟ ਪਟ। ਉਡਿਗੇ ਬਾਜ ਖੁਰਨ ਭੂ ਖਟ ਪਟ।
ਹ੍ਵੈ ਗੇ ਤੇਰਹ ਗਗਨ ਅਪਾਰਾ। ਏਕੈ ਰਹਿ ਗਯੋ ਤਹਾ ਪਤਾਰਾ। ੧੧੮।

ਭਟਾਚਾਰਜ ਇਤੈ ਜਸੁ ਗਾਵੈ। ਢਾਢਿ ਸੈਨ ਕਰਖਾਹੁ ਸੁਨਾਵੈ।
ਤਿਮਿ ਤਿਮਿ ਕਾਲਹਿ ਬਢੈ ਗੁਮਾਨਾ। ਚਹਿ ਚਹਿ ਹਨੇ ਦੁਬਹਿਯਾ ਨਾਨਾ। ੧੧੯।

ਤਿਨ ਤੇ ਮੇਦ ਮਾਸ ਜੋ ਪਰ ਹੀ। ਰਥੀ ਗਜੀ ਬਾਜੀ ਤਨ ਧਰ ਹੀ।
ਕੇਤਿਕ ਭਏ ਅਸੁਰ ਬਿਕਰਾਰਾ। ਤਿਨ ਕੇ ਬਰਨਨ ਕਰੌ ਸਿਧਾਰਾ। ੧੨੦।

ਏਕੈ ਚਰਨ ਆਖਿ ਏਕੈ ਜਿਨਿ। ਭੁਜਾ ਅਮਿਤ ਸਹਸ ਦ੍ਵੈ ਕੈ ਤਿਨ।
ਪਾਚ ਪਾਚ ਸੈ ਭੁਜ ਕੇ ਘਨੇ। ਸਸਤ੍ਰ ਅਸਤ੍ਰ ਹਾਥਨ ਮੈ ਬਨੇ। ੧੨੧।

ਏਕ ਚਰਨ ਏਕੈ ਕੀ ਨਾਸਾ। ਏਕ ਏਕ ਭੁਜ ਭ੍ਰਮਤ ਅਕਾਸਾ।
ਅਰਧ ਮੂੰਡ ਮੁੰਡਿਤ ਕੇਤੇ ਸਿਰ। ਕੇਸਨ ਧਰੇ ਕਿਤਕ ਧਾਏ ਫਿਰਿ। ੧੨੨।

ਏਕ ਏਕ ਮਦ ਕੋ ਸਰ ਪੀਯੈ। ਮਾਨਵ ਖਾਇ ਜਗਤ ਕੇ ਜੀਯੈ।
ਦਸ ਸਹੰਸ ਭਾਂਗ ਕੇ ਭਰਿ ਘਟ। ਪੀ ਪੀ ਭਿਰਤ ਅਸੁਰ ਰਨ ਚਟ ਪਟ। ੧੨੩।

ਦੋਹਰਾ

ਬਜ੍ਰ ਬਾਨ ਬਿਛੂਆ ਬਿਸਿਖ ਬਰਖੈ ਸਸਤ੍ਰ ਅਪਾਰ।
ਊਚ ਨੀਚ ਕਾਤਰ ਸੁਭਟ ਸਭ ਕੀਨੇ ਇਕ ਸਾਰ। ੧੨੪।

ਚੌਪਈ

ਇਹ ਬਿਧਿ ਭਯੋ ਘੋਰ ਸੰਗ੍ਰਾਮਾ। ਲੈ ਲੈ ਅਮਿਤ ਜੁਧ ਕਾ ਸਾਮਾ।
ਮਹਾ ਕਾਲ ਕੋਪਤ ਭਯੋ ਜਬ ਹੀ। ਅਸੁਰ ਅਨੇਕ ਬਿਦਾਰੇ ਤਬ ਹੀ। ੧੨੫।

ਮਹਾ ਕਾਲ ਜਬ ਹੀ ਰਿਸਿ ਭਰਾ। ਘੋਰ ਭਯਾਨਕ ਆਹਵ ਕਰਾ।
ਮਾਰਤ ਭਯੋ ਅਸੁਰ ਬਿਕਰਾਲਾ। ਸਿੰਘ ਨਾਦ ਕੀਨਾ ਤਤਕਾਲਾ। ੧੨੬।

ਕਹੂੰ ਮਸਾਨ ਕਿਲਕਟੀ ਮਾਰੈ। ਭੈਰਵ ਕਹੂੰ ਠਾਢ ਭੁੰਕਾਰੈ।
ਜੋਗਨਿ ਦੈਤ ਅਧਿਕ ਹਰਖਾਨੇ। ਭੂਤ ਸਿਵਾ ਬੋਲੈ ਅਭਿਮਾਨੇ। ੧੨੭।

ਉਨ੍ਹਾਂ ਨੂੰ (ਮਾਰ ਕੇ) ਜਦ ਕਾਲ ਧਰਤੀ ਉਤੇ ਡਿਗਾਉਂਦਾ, ਤਾਂ ਲਹੂ ਨਾਲ ਭਿਜੀ ਭੂਮੀ ਸੁਸ਼ੋਭਿਤ ਹੋ ਜਾਂਦੀ। ਉਨ੍ਹਾਂ ਤੋਂ ਬੇਸ਼ੁਮਾਰ ਦੈਂਤ ਉਠ ਕੇ ਭਜ ਪੈਂਦੇ ਅਤੇ ਬਾਣ, ਕ੍ਰਿਪਾਨਾਂ ਤੇ ਬਰਛੀਆਂ ਸਜਾ ਲੈਂਦੇ।੧੧੬।

ਉਹ ਬਹੁਤ ਕ੍ਰੋਧ ਕਰ ਕੇ ਸਾਹਮਣੇ ਆ ਡਟਦੇ। (ਉਨ੍ਹਾਂ) ਸਾਰਿਆਂ ਨੂੰ ਕਾਲ ਇਕ ਛਿਣ ਵਿਚ ਮਾਰ ਦਿੰਦਾ। ਉਨ੍ਹਾਂ ਦਾ ਜੋ ਸਾਰਾ ਲਹੂ (ਧਰਤੀ ਉਤੇ) ਡਿਗਦਾ। ਤਦ (ਉਸ ਤੋਂ) ਦੈਂਤ ਸੈਨਾ ਸਜਾ ਲੈਂਦੇ।੧੧੭।

ਤਦ ਝਟ ਪਟ ਭਿਅੰਕਰ ਯੁੱਧ ਸ਼ੁਰੂ ਹੋ ਗਿਆ। ਧਰਤੀ ਦੇ ਛੇ ਪੜਦੇ ਘੋੜਿਆਂ ਦੇ ਖੁਰਾਂ ਨਾਲ ਉਡ ਗਏ। (ਇਸ ਤਰ੍ਹਾਂ ਸੱਤ ਤੋਂ) ਤੇਰ੍ਹਾਂ ਆਕਾਸ਼ ਬਣ ਗਏ ਅਤੇ ਉਥੇ (ਬਸ) ਇਕੋ ਪਾਤਾਲ ਰਹਿ ਗਿਆ।੧੧੮।

ਇਧਰ ਭਟਾਚਾਰਜ (ਮਹਾ ਕਾਲ ਦਾ) ਯਸ਼ ਗਾ ਰਿਹਾ ਸੀ ਅਤੇ ਢਾਢਿ ਸੈਨ ਕਰਖਾ (ਛੰਦ) ਸੁਣਾ ਰਿਹਾ ਸੀ। ਤਿਵੇਂ ਤਿਵੇਂ ਕਾਲ ਦਾ ਗੁਮਾਨ ਵਧਦਾ ਜਾ ਰਿਹਾ ਸੀ ਅਤੇ ਚਾਹ ਚਾਹ ਕੇ (ਮਨ ਪਸੰਦ ਅਨੁਸਾਰ) ਅਨੇਕ ਤਰ੍ਹਾਂ ਦੇ 'ਦੁਬਹਿਯਾ' (ਦੋਹਾਂ ਬਾਂਹਵਾਂ ਨਾਲ ਹਥਿਆਰ ਚਲਾਉਣ ਵਾਲੇ) (ਵੈਰੀਆਂ ਨੂੰ) ਮਾਰ ਰਿਹਾ ਸੀ।੧੧੯।

ਉਨ੍ਹਾਂ (ਦੈਂਤਾਂ) ਦਾ ਜੋ ਮਾਸ ਅਤੇ ਮਿਝ (ਧਰਤੀ ਉਤੇ) ਪੈਂਦੀ ਸੀ, (ਉਹ) ਰਥਵਾਨਾਂ, ਹਾਥੀਆਂ ਅਤੇ ਘੋੜਿਆ ਦੇ ਸਵਾਰਾਂ ਦਾ ਰੂਪ ਧਾਰਨ ਕਰ ਰਹੀ ਸੀ। (ਉਥੇ) ਕਿਤਨੇ ਭਿਆਨਕ ਦੈਂਤ ਪੈਦਾ ਹੋਏ, (ਹੁਣ) ਉਨ੍ਹਾਂ ਦਾ ਚੰਗੀ ਤਰ੍ਹਾਂ ਵਰਣਨ ਕਰਦਾ ਹਾਂ।੧੨੦।

ਜਿਨ੍ਹਾਂ ਦੀ ਇਕ ਅੱਖ ਅਤੇ ਇਕ ਹੀ ਚਰਨ ਸੀ ਅਤੇ ਉਨ੍ਹਾਂ ਦੀਆਂ ਦੋ ਦੋ ਹਜ਼ਾਰ (ਭਾਵ) ਅਮਿਤ ਭੁਜਾਵਾਂ ਸਨ। ਬਹੁਤਿਆਂ ਦੀਆਂ ਪੰਜ ਪੰਜ ਸੈ ਭੁਜਾਵਾਂ ਸਨ ਅਤੇ (ਉਨ੍ਹਾਂ ਨੇ) ਹੱਥਾਂ ਵਿਚ ਅਸਤ੍ਰ ਸ਼ਸਤ੍ਰ ਧਾਰਨ ਕੀਤੇ ਹੋਏ ਸਨ।੧੨੧।

(ਕਈਆਂ ਦੀ) ਇਕ ਨਾਸ, ਇਕ ਪੈਰ ਅਤੇ ਇਕ ਬਾਂਹ ਸੀ ਅਤੇ ਆਕਾਸ਼ ਵਿਚ ਭ੍ਰਮਣ ਕਰ ਰਹੇ ਸਨ। ਕਈਆਂ ਦੇ ਅੱਧੇ ਅਤੇ ਕਈਆਂ ਦੇ ਸਾਰੇ ਸਿਰ ਮੁੰਨੇ ਹੋਏ ਸਨ। ਕਿਤਨਿਆਂ ਨੇ ਕੇਸ ਧਰੇ ਹੋਏ ਸਨ ਅਤੇ (ਆਕਾਸ਼ ਵਿਚ) ਭਜੀ ਫਿਰਦੇ ਸਨ।੧੨੨।

(ਉਨ੍ਹਾਂ ਵਿਚੋਂ) ਇਕ ਇਕ ਸ਼ਰਾਬ ਦਾ ਸਰੋਵਰ ਪੀਣ ਵਾਲੇ ਅਤੇ ਜਗਤ ਵਿਚ ਮਨੁੱਖਾਂ ਨੂੰ ਖਾ ਕੇ ਜੀਉਂਦੇ ਰਹਿਣ ਵਾਲੇ ਸਨ। (ਉਹ) ਦੈਂਤ ਭੰਗ ਦੇ ਦਸ ਹਜ਼ਾਰ ਘੜੇ ਪੀ ਪੀ ਕੇ ਝਟ ਪਟ ਯੁੱਧ ਵਿਚ ਆ ਭਿੜਦੇ ਸਨ।੧੨੩।

ਦੋਹਰਾ

ਬਜ੍ਰ ਬਾਣ, ਬਿਛੂਏ, ਤੀਰ ਅਤੇ (ਹੋਰ) ਅਪਾਰ ਸ਼ਸਤ੍ਰ ਵਰ੍ਹ ਰਹੇ ਸਨ। ਉੱਚੇ-ਨੀਵੇਂ, ਬਹਾਦਰ ਅਤੇ ਡਰਪੋਕ ਸਭ ਨੂੰ ਇਕ ਸਮਾਨ ਕਰ ਦਿੱਤਾ ਸੀ।੧੨੪।

ਚੌਪਈ

ਯੁੱਧ ਦਾ ਅਮਿਤ ਸਾਮਾਨ ਲੈ ਲੈ ਕੇ ਇਸ ਤਰ੍ਹਾਂ ਦਾ ਭਿਆਨਕ ਯੁੱਧ ਹੋਇਆ। ਜਦ ਹੀ ਮਹਾ ਕਾਲ ਕ੍ਰੋਧਿਤ ਹੋਇਆ, ਤਦ ਹੀ ਅਨੇਕ ਦੈਂਤ ਨਸ਼ਟ ਕਰ ਦਿੱਤੇ।੧੨੫।

ਜਦ ਮਹਾ ਕਾਲ ਨੇ ਕ੍ਰੋਧ ਨਾਲ ਭਰ ਕੇ ਘੋਰ ਭਿਆਨਕ ਯੁੱਧ ਕੀਤਾ। ਉਸੇ ਵੇਲੇ ਸਿੰਘ ਨਾਦ ਕਰ ਕੇ ਭਿਅੰਕਰ ਦੈਂਤਾਂ ਨੂੰ ਮਾਰ ਮੁਕਾਇਆ।੧੨੬।

ਕਿਤੇ ਭੂਤ ਪ੍ਰੇਤ ('ਮਸਾਨ') ਕਿਲਕਾਰੀਆਂ ਮਾਰ ਰਹੇ ਸਨ। ਕਿਤੇ ਭੈਰੋ (ਰੁਦ੍ਰ) ਖੜੋਤਾ ਹੋਇਆ ਭਭਕਾਂ ਮਾਰ ਰਿਹਾ ਸੀ। ਜੋਗਣਾਂ ਅਤੇ ਦੈਂਤ ਬਹੁਤ ਖ਼ੁਸ਼ ਹੋ ਰਹੇ ਸਨ। ਭੂਤ ਅਤੇ ਗਿਦੜੀਆਂ ('ਸਿਵਾ') ਅਭਿਮਾਨ ਨਾਲ ਬੋਲਦੀਆਂ ਸਨ।੧੨੭।

ਝਾਲਰਿ ਝਾਂਝਰ ਢੋਲ ਮ੍ਰਿਦੰਗਾ। ਪਟਹ ਨਗਾਰੇ ਮੁਰਜ ਮੁਚੰਗਾ।
ਡਵਰੂ ਗੁਡਗੁਡੀ ਕਹੂੰ ਉਪੰਗਾ। ਨਾਇ ਨਫੀਰੀ ਬਜਤ ਸੁਰੰਗਾ। ੧੨੮।

ਮੁਰਲੀ ਕਹੂੰ ਬਾਸੁਰੀ ਬਾਜਤ। ਕਹੂੰ ਉਪੰਗ ਮ੍ਰਿਦੰਗ ਬਰਾਜਤ।
ਦੁੰਦਭਿ ਢੋਲ ਕਹੂੰ ਸਹਨਾਈ। ਬਾਜਤ ਭੇ ਲਖਿ ਪਰੀ ਲਰਾਈ। ੧੨੯।

ਮੁਰਜ ਮੁਚੰਗ ਬਜੈ ਤੁਰਹੀ ਰਨ। ਭੇਰਨ ਕੇ ਭਭਕਾਰ ਕਰਤ ਗਨ।
ਹਾਥੀ ਘੋਰਨ ਕੇ ਦੁੰਦਭਿ ਰਨ। ਉਸਟਨ ਕੇ ਬਾਜੇ ਰਨ ਮੂਰਧਨ। ੧੩੦।

ਕੇਤਿਕ ਸੁਭਟ ਸਰਨ ਕੇ ਮਾਰੇ। ਗਿਰਤ ਭਏ ਰਨ ਡੀਲ ਡਿਲਾਰੇ।
ਜਦਪਿ ਪ੍ਰਾਨ ਸਮੂਹ ਹ੍ਵੈ ਦਏ। ਕਰ ਤੇ ਤਜਤ ਕ੍ਰਿਪਾਨਨ ਭਏ। ੧੩੧।

ਚਲਤ ਭਈ ਸਰਿਤਾ ਸ੍ਰੋਨਤ ਤਹ। ਜੁਧ ਭਯੋ ਕਾਲੀ ਅਸੁਰਨ ਜਹ।
ਸੀਸ ਕੇਸ ਜਹ ਭਏ ਸਿਵਾਰਾ। ਸ੍ਰੋਨ ਪ੍ਰਵਾਹ ਬਹਤ ਹਹਰਾਰਾ। ੧੩੨।

ਬਾਜ ਬ੍ਰਿਛ ਜਹ ਬਹੇ ਅਨੇਕੈ। ਬਿਨ ਬ੍ਰਿਣ ਬੀਰ ਰਹਾ ਨਹਿ ਏਕੈ।
ਸ੍ਰੋਨ ਭਰੇ ਪਟ ਅਧਿਕ ਸੁਹਾਏ। ਚਾਚਰਿ ਖੇਲਿ ਮਨੌ ਘਰ ਆਏ। ੧੩੩।

ਸੂਰਨ ਕੇ ਜਹ ਮੂੰਡ ਪਖਾਨਾ। ਸੋਭਿਤ ਰੰਗ ਭੂਮ ਮਹਿ ਨਾਨਾ।
ਬਹੇ ਜਾਤ ਜਹ ਬ੍ਰਿਛ ਤੁਰੰਗਾ। ਬਡੇ ਸੈਲ ਸੇ ਲਸਤ ਮਤੰਗਾ। ੧੩੪।

ਮਛਰੀ ਤਨਕਿ ਅੰਗੁਰਿਯੈ ਸੋਹੈ। ਭੁਜਾ ਭੁਜੰਗਨ ਸੀ ਮਨ ਮੋਹੈ।
ਕਹੂੰ ਗ੍ਰਾਹ ਸੇ ਖੜਗ ਝਮਕਹਿ। ਭਕ ਭਕ ਕਰ ਕਹੂੰ ਘਾਇ ਭਭਕਹਿ। ੧੩੫।

ਭੁਜੰਗ ਛੰਦ

ਜਹਾ ਬੀਰ ਬੈਰੀ ਬਡੇ ਘੇਰਿ ਮਾਰੇ। ਤਹਾ ਭੂਤ ਔ ਪ੍ਰੇਤ ਨਾਚੇ ਮਤਵਾਰੇ।
ਕਹੂੰ ਡਾਕਨੀ ਝਾਕਨੀ ਹਾਕ ਮਾਰੈ। ਉਠੈ ਨਾਦ ਭਾਰੇ ਛੁਟੇ ਚੀਤਕਾਰੈ। ੧੩੬।

ਕਹੂੰ ਅੰਗੁਲੈ ਤ੍ਰਾਣ ਕਾਟਾ ਬਿਰਾਜੈ। ਕਹੂੰ ਅੰਗੁਲਾ ਕਾਟਿ ਕੇ ਰਤਨ ਰਾਜੈ।
ਕਹੂੰ ਟੀਕ ਟਾਂਕੇ ਕਟੈ ਟੋਪ ਸੋਹੈ। ਕਹੂੰ ਬੀਰ ਮਾਰੇ ਗਿਰੇ ਭੂਮਿ ਮੋਹੈ। ੧੩੭।

ਜਿਤੇ ਸ੍ਰੋਨ ਕੇ ਬੂੰਦ ਭੂ ਪੈ ਪਰੇ ਹੈ। ਤਿਤੇ ਦਾਨਵੋ ਰੂਪ ਬਾਕੇ ਧਰੇ ਹੈ।
ਹਠੀ ਓਰ ਚਾਰੌ ਬਿਖੈ ਆਨਿ ਢੂਕੇ। ਮਹਾ ਕੋਪ ਕੈ ਮਾਰ ਹੀ ਮਾਰਿ ਕੂਕੈ। ੧੩੮।

ਜਿਤੇ ਦੈਤ ਆਏ ਤਿਤੇ ਕਾਲ ਮਾਰੇ। ਬਹੇ ਸ੍ਰੋਨ ਕੇ ਭੂਮ ਹੂੰ ਪੈ ਪਨਾਰੇ।
ਉਠ ਦੈਤ ਬਾਕੇ ਬਲੀ ਸਸਤ੍ਰ ਲੈ ਕੈ। ਦੁਹੂੰ ਓਰ ਤੇ ਮਾਰ ਹੀ ਮਾਰਿ ਕੈ ਕੈ। ੧੩੯।

(ਯੁੱਧ-ਭੂਮੀ ਵਿਚ) ਝਾਲਰ, ਝਾਂਝਰ, ਢੋਲ, ਮ੍ਰਿਦੰਗ, ਪੱਟੇ, ਨਗਾਰੇ, ਮੁਰਜ, ਮੁਚੰਗ, ਡੌਰੂ, ਗੁਡਗੁਡੀ, ਉਪੰਗ, ਸ਼ਹਿਨਾਈ ਨਫ਼ੀਰੀ, ਸੁਰੰਗ (ਸੁਰਤਾਲ) ਆਦਿ ਵਜ ਰਹੇ ਸਨ।੧੨੮।

ਕਿਤੇ ਮੁਰਲੀ ਅਤੇ ਕਿਤੇ ਬੰਸਰੀ ਵਜ ਰਹੀ ਸੀ। ਕਿਤੇ ਉਪੰਗ ਅਤੇ ਮ੍ਰਿਦੰਗ ਸ਼ੋਭ ਰਹੇ ਸਨ। ਕਿਤੇ ਦੁੰਦਭੀ, ਢੋਲ ਅਤੇ ਸ਼ਹਿਨਾਈਆਂ ਲੜਾਈ ਨੂੰ ਛਿੜਿਆ ਵੇਖ ਕੇ ਵਜਣ ਲਗ ਗਈਆਂ ਸਨ।੧੨੯।

ਮੁਰਜ, ਮੁਚੰਗ ਅਤੇ ਤੁਰਹੀ ਰਣ ਵਿਚ ਵਜ ਰਹੀਆਂ ਸਨ। ਕਿਤੇ ਭੇਰੀਆਂ ਦੇ ਸਮੂਹ ਭਭਕਾਰ ਕਰ ਰਹੇ ਸਨ। ਹਾਥੀਆਂ ਅਤੇ ਘੋੜਿਆਂ (ਉਤੇ ਲਦੇ ਹੋਏ) ਨਗਾਰੇ ਅਤੇ ਊਠਾਂ ਉਤੇ ਬੰਨ੍ਹੇ ਹੋਏ ਵਾਜੇ ਰਣ ਵਿਚ ਅਗੇ ਹੋ ਕੇ ਵਜ ਰਹੇ ਸਨ।੧੩੦।

ਕਿਤਨੇ ਹੀ ਸੂਰਮੇ ਮਾਰੇ ਹੋਏ ਸ਼ਰਨ ਵਿਚ ਆ ਪਏ ਸਨ। (ਕਈ) ਵਡਿਆਂ ਆਕਾਰਾਂ ਪ੍ਰਕਾਰਾਂ ਵਾਲੇ ਰਣ ਵਿਚ ਡਿਗੇ ਪਏ ਸਨ। ਭਾਵੇਂ ਉਹ ਸਾਹਮਣੇ ਹੋ ਕੇ ਪ੍ਰਾਣ ਦਿੰਦੇ ਸਨ, ਪਰ ਹੱਥਾਂ ਵਿਚੋਂ ਕ੍ਰਿਪਾਨਾਂ ਛਡ ਰਹੇ ਸਨ।੧੩੧।

ਜਿਥੇ ਕਾਲੀ ਅਤੇ ਦੈਂਤਾਂ ਦਾ ਯੁੱਧ ਹੋ ਰਿਹਾ ਸੀ, ਉਥੇ ਲਹੂ ਦੀ ਨਦੀ ਵਗ ਰਹੀ ਸੀ। ਜਿਸ ਵਿਚ ਸਿਰ ਦੇ ਕੇਸ ਕਾਈ ਵਰਗੇ ਲਗ ਰਹੇ ਸਨ ਅਤੇ ਲਹੂ ਦਾ ਭਿਆਨਕ ਪ੍ਰਵਾਹ ਵਗ ਰਿਹਾ ਸੀ।੧੩੨।

ਜਿਸ ਵਿਚ ਅਨੇਕ ਘੋੜੇ ਬ੍ਰਿਛਾਂ ਵਾਂਗ ਰੁੜ੍ਹ ਰਹੇ ਸਨ। ਕੋਈ ਵੀ ਸੂਰਮਾ ਘਾਇਲ ਹੋਏ ਬਿਨਾ ਨਹੀਂ ਬਚਿਆ ਸੀ। ਲਹੂ ਨਾਲ ਭਿਜੇ ਹੋਏ ਬਸਤ੍ਰ ਬਹੁਤ ਸ਼ੋਭ ਰਹੇ ਸਨ। (ਇੰਜ ਲਗਦਾ ਸੀ) ਮਾਨੋ ਹੋਲੀ ਖੇਡ ਕੇ ਘਰ ਪਰਤੇ ਹੋਣ।੧੩੩।

ਉਥੇ ਰਣ-ਭੂਮੀ ਵਿਚ ਸੂਰਮਿਆਂ ਦੇ ਅਨੇਕਾਂ ਸਿਰ ਪੱਥਰਾਂ ਵਰਗੇ ਸ਼ੋਭਦੇ ਸਨ। ਉਥੇ ਬ੍ਰਿਛ ਅਤੇ ਘੋੜੇ ਰੁੜ੍ਹਦੇ ਜਾ ਰਹੇ ਸਨ ਅਤੇ ਹਾਥੀ ਵਡਿਆਂ ਪਰਬਤਾਂ ਵਰਗੇ ਸ਼ੁਭਾਇਮਾਨ ਸਨ।੧੩੪।

ਉਨ੍ਹਾਂ ਦੀਆਂ ਉਂਗਲਾਂ ਮਛਲੀਆਂ ਵਰਗੀਆਂ ਲਗਦੀਆਂ ਸਨ ਅਤੇ ਬਾਂਹਵਾਂ ਸੱਪਾਂ ਜਿਹੀਆਂ ਮਨ ਨੂੰ ਮੋਹ ਰਹੀਆਂ ਸਨ। ਕਿਤੇ ਖੜਗ ਮਗਰ ਮੱਛਾਂ ਵਰਗੇ ਚਮਕਦੇ ਸਨ। ਕਿਤੇ ਜ਼ਖ਼ਮਾਂ ਵਿਚ ਭਕ ਭਕ ਕਰਦਾ (ਲਹੂ) ਵਗ ਰਿਹਾ ਸੀ।੧੩੫।

ਭੁਜੰਗ ਛੰਦ

ਜਿਥੇ ਵੱਡੇ ਵੱਡੇ ਵੈਰੀ ਯੋਧੇ ਘੇਰ ਕੇ ਮਾਰੇ ਗਏ ਸਨ, ਉਥੇ ਭੂਤ ਅਤੇ ਪ੍ਰੇਤ ਮਤਵਾਲੇ ਹੋ ਕੇ ਨਚ ਰਹੇ ਸਨ। ਕਿਤੇ ਡਾਕਣੀਆਂ, ਗਿੱਧਾਂ ('ਝਾਕਨੀ') ਚੀਖਾਂ ਮਾਰ ਰਹੀਆਂ ਸਨ, (ਕਿਤੇ) ਉੱਚੀ ਸੁਰ ਵਿਚ ਭਾਰੇ ਨਾਦ ਹੋ ਰਹੇ ਸਨ ਅਤੇ (ਕਿਤੇ) ਚੀਕ-ਚਹਾੜਾ ਮਚ ਰਿਹਾ ਸੀ।੧੩੬।

ਕਿਤੇ ਲੋਹੇ ਦੇ ਦਸਤਾਨੇ ਕਟੇ ਪਏ ਸਨ ਅਤੇ ਕਟੀਆਂ ਹੋਈਆਂ ਉਂਗਲਾਂ ਦੇ ਰਤਨ ਸ਼ੋਭ ਰਹੇ ਸਨ। ਕਿਤੇ ਕਟੇ ਹੋਏ ਟੋਪਾਂ ਨਾਲ (ਮੱਥੇ ਉਤੇ ਲਗਾਉਣ ਵਾਲੇ ਲੋਹੇ ਦੇ) ਟਿੱਕੇ ਟੰਗੇ ਪਏ ਸਨ। ਕਿਤੇ ਮਾਰੇ ਹੋਏ ਸੂਰਮੇ ਧਰਤੀ ਉਤੇ ਡਿਗੇ ਹੋਏ ਮੋਹ ਰਹੇ ਸਨ।੧੩੭।

ਲਹੂ ਦੀਆਂ ਜਿਤਨੀਆਂ ਵੀ ਬੂੰਦਾਂ ਧਰਤੀ ਉਤੇ ਪਈਆਂ, ਉਤਨੇ ਹੀ ਦੈਂਤਾਂ ਨੇ ਬਾਂਕੇ ਰੂਪ ਧਾਰ ਲਏ। (ਉਹ) ਹਠੀ ਚੌਹਾਂ ਪਾਸਿਆਂ ਤੋਂ ਆ ਢੁਕੇ ਅਤੇ ਬਹੁਤ ਕ੍ਰੋਧਿਤ ਹੋ ਕੇ 'ਮਾਰੋ ਮਾਰੋ' ਪੁਕਾਰਨ ਲਗੇ।੧੩੮।

ਜਿਤਨੇ ਵੀ ਦੈਂਤ ਆਏ, ਉਨ੍ਹਾਂ ਨੂੰ ਕਾਲ ਨੇ ਮਾਰ ਦਿੱਤਾ। ਧਰਤੀ ਉਤੇ ਲਹੂ ਦੇ ਪਰਨਾਲੇ ਵਗਣ ਲਗੇ। (ਉਸ ਲਹੂ ਤੋਂ) ਬਾਂਕੇ ਬਲਵਾਨ ਦੈਂਤ ਸ਼ਸਤ੍ਰ ਲੈ ਕੇ ਉਠ ਖੜੋਤੇ। ਦੋਹਾਂ ਪਾਸਿਆਂ ਤੋਂ 'ਮਾਰੋ ਮਾਰੋ' ਦੀਆਂ ਆਵਾਜ਼ਾਂ ਆਣ ਲਗੀਆਂ।੧੩੯।

ਹਠੀ ਬਧਿ ਗੋਪਾ ਗੁਲਿਤ੍ਰਾਨ ਬਾਕੇ। ਹਠੀਲੇ ਕਟੀਲੇ ਰਜੀਲੇ ਨਿਸਾਕੇ।
ਗਦਾ ਹਾਥ ਲੈ ਕੇ ਕਿਤੇ ਬੀਰ ਗਾਜੇ। ਲਰੇ ਆਨਿ ਕੈ ਪੈਗ ਦ੍ਵੈ ਕੈ ਨ ਭਾਜੇ। ੧੪0।

ਕਹੂੰ ਬੀਰ ਮਾਰੇ ਬਿਦਾਰੇ ਪਰੇ ਹੈ। ਕਹੂੰ ਖੇਤ ਮੈ ਖਿੰਗ ਖਤ੍ਰੀ ਜਰੇ ਹੈ।
ਕਹੂੰ ਮਤ ਦੰਤੀ ਕਹੂੰ ਉਸਟ ਮਾਰੇ। ਬਿਰਾਜੈ ਕਹੂੰ ਨਗਨ ਖੰਡੇ ਕਟਾਰੇ। ੧੪੧।

ਕਹੂੰ ਖੋਲ ਖਾਂਡੇ ਗਿਰੇ ਭੂਮਿ ਸੋਹੈ। ਕਹੂੰ ਬੀਰ ਬਾਨੀ ਪਰੇ ਭੂਮਿ ਮੋਹੈ।
ਕਹੂੰ ਸ੍ਵਾਰ ਮਾਰੇ ਫਿਰੈ ਬਾਜ ਛੂਟੈ। ਕਿਤੇ ਛੈਲ ਛੋਰੇ ਕਿਤੇ ਦੁਸਟ ਲੂਟੈ। ੧੪੨।

ਚੌਪਈ

ਇਹ ਬਿਧਿ ਤਹਾ ਭਯੋ ਸੰਗ੍ਰਾਮਾ। ਨਿਰਖਤ ਦੇਵ ਦਾਨਵੀ ਬਾਮਾ।
ਕੇਤਿਕ ਕਰੀ ਕਰਨ ਬਿਨੁ ਭਏ। ਪ੍ਰਾਪਤ ਦੁਸਟ ਨਿਧਨ ਕਹ ਗਏ। ੧੪੩।

ਮਾਰਹਿ ਮਾਰਿ ਮਹਾ ਸੂਰ ਕੂਕਹਿ। ਕਾਢਿ ਕਾਢਿ ਦਾਤਨ ਕਹ ਢੂਕਹਿ।
ਬਾਜਹਿ ਢੋਲ ਮ੍ਰਿਦੰਗ ਨਗਾਰੇ। ਜੰਗ ਮਚੰਗ ਉਪੰਗ ਜੁਝਾਰੇ। ੧੪੪।

ਜਿਹ ਤਨ ਕਾਲ ਬਿਸਿਖ ਕੀ ਮਾਰੈ। ਤਾ ਕਹ ਤਹੀ ਚੂਰ ਕਰਿ ਡਾਰੈ।
ਜਾ ਕਰ ਕੋਪਿ ਕ੍ਰਿਪਾਨ ਪ੍ਰਹਾਰਤ। ਤਿਹ ਕਾ ਮੁੰਡ ਕਾਟਿ ਹੀ ਡਾਰਤ। ੧੪੫।

ਇਹ ਬਿਧਿ ਭਯੋ ਭਯਾਨਕ ਜੁਧਾ। ਉਪਜਾ ਕਛੁਕ ਕਾਲ ਕੇ ਕ੍ਰੁਧਾ।
ਕੇਸਨ ਤੇ ਗਹਿ ਅਸੁਰ ਪਛਾਰੇ। ਕਾਢਿ ਕ੍ਰਿਪਾਨ ਏਕ ਹਨਿ ਡਾਰੇ। ੧੪੬।

ਮਾਰੇ ਅਧਿਕ ਤਾਹਿ ਦਾਨਵ ਰਨ। ਟੂਕ ਟੂਕ ਹ੍ਵੈਗੇ ਤਿਨ ਕੇ ਤਨ।
ਤਊ ਮਾਰ ਹੀ ਮਾਰਿ ਪੁਕਾਰਤ। ਪਾਛੇ ਪਾਵ ਏਕ ਨਹਿ ਡਾਰਤ। ੧੪੭।

ਕੇਤਿਕ ਘੂਮਿ ਗਿਰਤ ਹੈ ਘਾਇਲ। ਪਰਤ ਭਏ ਭੂ ਤਰ ਹ੍ਵੈ ਹਾਇਲ।
ਤਊ ਜੁਧ ਕੋ ਤ੍ਯਾਗਿ ਨ ਭਜਹੀ। ਜਬ ਲਗਿ ਦੁਸਟ ਪ੍ਰਾਨ ਨਹਿ ਤਜਹੀ। ੧੪੮।

ਗੁਰਜ ਗੋਫਨੈ ਕਿਤਕ ਸੰਭਾਰੈ। ਕੇਤਿਕ ਕਸਿ ਕਸਿ ਬਾਨ ਪ੍ਰਹਾਰੈ।
ਕਿਤੇ ਤਮਕਿ ਰਨ ਤੁਰੀ ਨਚਾਵੈ। ਚਟਪਟ ਸੁਭਟ ਜੁਝਿ ਰਨ ਜਾਵੈ। ੧੪੯।

ਕਿਤਕ ਤਮਕਿ ਰਨ ਤੁਰੀ ਨਚਾਵਤ। ਮਾਰਿ ਮਾਰਿ ਧੁਨਿ ਕਿਤਕ ਉਘਾਵਤ।
ਮੰਡਹਿ ਮਹਾ ਕਾਲ ਸੌ ਜੁਧਾ। ਹ੍ਵੈ ਹ੍ਵੈ ਅਧਿਕ ਚਿਤ ਮਹਿ ਕ੍ਰੁਧਾ। ੧੫0।

ਹਠੀ ਬਾਂਕੇ ਸੂਰਮਿਆਂ ਨੇ ਗੋਪੇ ਅਤੇ ਲੋਹੇ ਦੇ ਦਸਤਾਨੇ ('ਗੁਲਿਤ੍ਰਾਨ') ਪਾਏ ਹੋਏ ਸਨ। (ਉਹ) ਬੜੇ ਹਠੀਲੇ, ਕਟੀਲੇ (ਕਟਣ ਵਲੇ), ਕਠੋਰ ('ਰਜੀਲੇ') ਅਤੇ ਨਿਡਰ ('ਨਿਸਾਕੇ') ਸਨ। ਕਿਤਨੇ ਸ਼ੂਰਵੀਰ ਹੱਥ ਵਿਚ ਗਦਾਵਾਂ ਲੈ ਕੇ ਗਜ ਰਹੇ ਸਨ। (ਉਹ) ਆ ਕੇ ਯੁੱਧ ਵਿਚ ਲੜਦੇ ਸਨ ਅਤੇ ਦੋ ਪੈਰ ਵੀ ਪਿਛੇ ਹਟਾ ਕੇ ਭਜਦੇ ਨਹੀਂ ਸਨ।੧੪੦।

ਕਿਤੇ ਸੂਰਮੇ ਮਾਰੇ ਅਤੇ ਚੀਰੇ ਪਾੜੇ ਪਏ ਸਨ। ਕਿਤੇ ਯੁੱਧ-ਖੇਤਰ ਵਿਚ ਘੋੜੇ ਅਤੇ ਛਤ੍ਰੀ ਝੜੇ ਪਏ ਸਨ। ਕਿਤੇ ਮਸਤ ਹਾਥੀ ਅਤੇ ਕਿਤੇ ਊਠ ਮਾਰੇ ਹੋਏ ਪਏ ਸਨ ਅਤੇ ਕਿਤੇ ਨੰਗੇ ਖੰਡੇ ਅਤੇ ਕਟਾਰਾਂ ਪਈਆਂ ਸਨ।੧੪੧।

ਕਿਤੇ ਤਲਵਾਰਾਂ ਦੇ ਮਿਆਨ ਭੂਮੀ ਉਤੇ ਡਿਗੇ ਪਏ ਸਨ। ਕਿਤੇ ਪ੍ਰਮੁਖ ('ਬਾਨੀ') ਸੂਰਮੇ ਭੂਮੀ ਉਤੇ ਪਏ ਹੋਏ ਮੋਹ ਰਹੇ ਸਨ। ਕਿਤੇ ਸਵਾਰਾਂ ਦੇ ਮਾਰੇ ਜਾਣ ਕਰ ਕੇ ਘੋੜੇ ਖੁਲ੍ਹੇ ਫਿਰ ਰਹੇ ਸਨ। ਕਿਤੇ ਛੈਲ ਛਬੀਲੇ ਅਤੇ ਕਿਤੇ ਦੁਸ਼ਟ (ਵੈਰੀ) ਲੁਟੇ ਪੁਟੇ ਪਏ ਸਨ।੧੪੨।

ਚੌਪਈ

ਇਸ ਤਰ੍ਹਾਂ ਦਾ ਉਥੇ ਘਮਸਾਨ ਯੁੱਧ ਹੋਇਆ ਜਿਸ ਨੂੰ ਦੇਵਤਿਆਂ ਅਤੇ ਦੈਂਤਾਂ ਦੀਆਂ ਇਸਤਰੀਆਂ ਵੇਖ ਰਹੀਆਂ ਸਨ। ਕਿਤਨੇ ਹੀ ਹਾਥੀ ਬਿਨਾ ਕੰਨਾਂ ਦੇ ਹੋ ਗਏ ਅਤੇ ਦੁਸ਼ਟ ਲੋਗ ਮ੍ਰਿਤੂ ਨੂੰ ਪ੍ਰਾਪਤ ਹੋ ਗਏ।੧੪੩।

ਮਹਾਨ ਸੂਰਮੇ ਮਾਰੋ ਮਾਰੋ ਕੂਕ ਰਹੇ ਸਨ ਅਤੇ ਦੰਦ ਕਢ ਕਢ ਕੇ ਢੁਕ ਰਹੇ ਸਨ। ਢੋਲ, ਮ੍ਰਿਦੰਗ, ਜੰਗ, ਮਚੰਗ, ਉਪੰਗ ਅਤੇ ਜੰਗੀ ਨਗਾਰੇ ਵਜ ਰਹੇ ਸਨ।੧੪੪।

ਜਿਸ ਦੇ ਸ਼ਰੀਰ ਉਤੇ ਕਾਲ ਬਾਣ ਮਾਰਦਾ ਸੀ, ਉਸ ਨੂੰ ਉਥੇ ਹੀ ਚੂਰ ਚੂਰ ਕਰ ਦਿੰਦਾ ਸੀ। ਜਿਸ ਉਤੇ ਕ੍ਰੋਧਿਤ ਹੋ ਕੇ ਤਲਵਾਰ ਦਾ ਵਾਰ ਕਰਦਾ ਸੀ, ਉਸ ਦਾ ਸਿਰ ਹੀ ਕਟ ਸੁਟਦਾ ਸੀ।੧੪੫।

ਇਸ ਤਰ੍ਹਾਂ ਦਾ ਭਿਆਨਕ ਯੁੱਧ ਹੋਇਆ। ਕਾਲ ਨੂੰ ਵੀ ਕੁਝ ਕੁ ਕ੍ਰੋਧ ਹੋ ਗਿਆ। (ਉਸ ਨੇ) ਦੈਂਤਾਂ ਨੂੰ ਵਾਲਾਂ ਤੋਂ ਪਕੜ ਕੇ ਪਛਾੜ ਸੁਟਿਆ ਅਤੇ ਕਈਆਂ ਨੂੰ ਕ੍ਰਿਪਾਨ ਕਢ ਕੇ ਮਾਰ ਸੁਟਿਆ।੧੪੬।

ਉਥੇ ਰਣ-ਭੂਮੀ ਵਿਚ ਬਹੁਤ ਜ਼ਿਆਦਾ ਦੈਂਤ ਮਾਰੇ ਗਏ। ਉਨ੍ਹਾਂ ਦੇ ਤਨ ਟੁਕੜੇ ਟੁਕੜੇ ਹੋ ਗਏ। ਫਿਰ ਵੀ ਉਹ 'ਮਾਰੋ ਮਾਰੋ' ਪੁਕਾਰ ਰਹੇ ਸਨ। ਇਕ ਪੈਰ ਵੀ ਪਿਛੇ ਨਹੀਂ ਕਰਦੇ ਸਨ।੧੪੭।

ਕਈ ਘਾਇਲ ਘੁਮੇਰੀ ਖਾ ਕੇ ਡਿਗ ਰਹੇ ਸਨ ਅਤੇ ਡਰਾਉਣੀਆਂ ਸ਼ਕਲਾਂ ਵਾਲੇ ('ਹਾਇਲ') ਬਣ ਕੇ ਧਰਤੀ ਉਤੇ ਡਿਗ ਰਹੇ ਸਨ। (ਫਿਰ ਵੀ) ਉਹ ਯੁੱਧ ਨੂੰ ਤਿਆਗ ਕੇ ਤਦ ਤਕ ਨ ਭਜਦੇ ਸਨ, ਜਦ ਤਕ ਦੁਸ਼ਟ ਪ੍ਰਾਣ ਨਹੀਂ ਛਡਦੇ ਸਨ।੧੪੮।

ਕਿਤਨਿਆਂ ਨੇ ਗੁਰਜ ਅਤੇ ਗੋਫਨੇ ਸੰਭਾਲੇ ਹੋਏ ਸਨ। ਕਿਤਨੇ ਕਸ ਕਸ ਕੇ ਬਾਣ ਚਲਾ ਰਹੇ ਸਨ। ਕਿਤਨੇ ਆਕੜ ਕੇ ਰਣ ਵਿਚ ਘੋੜੇ ਨਚਾ ਰਹੇ ਸਨ। ਕਿਤਨੇ ਸੂਰਮੇ ਝਟ ਪਟ ਰਣ-ਭੂਮੀ ਵਿਚ ਜੂਝ ਰਹੇ ਸਨ।੧੪੯।

ਕਿਤਨੇ ਹੀ ਐਂਠ ਕੇ ਰਣ-ਖੇਤਰ ਵਿਚ ਘੋੜੇ ਨਚਾ ਰਹੇ ਸਨ ਅਤੇ ਕਿਤਨੇ ਹੀ 'ਮਾਰੋ ਮਾਰੋ' ਦੀ ਧੁਨ ਨਾਲ ਗਰਜ ਰਹੇ ਸਨ। (ਉਹ) ਮਨ ਵਿਚ ਬਹੁਤ ਕ੍ਰੋਧਵਾਨ ਹੋ ਕੇ ਮਹਾ ਕਾਲ ਨਾਲ ਯੁੱਧ ਕਰਦੇ ਸਨ।੧੫੦।

ਜੇਤਿਕ ਸੁਭਟ ਕੋਪਿ ਕਰਿ ਆਏ। ਮਹਾ ਕਾਲ ਤੇਤੇ ਈ ਖਪਾਏ।
ਤਿਨ ਕੋ ਮੇਦ ਮਾਸ ਭੁਅ ਪਰਾ। ਬਹੁ ਅਸੁਰਨ ਤਾ ਤੇ ਬਪੁ ਧਰਾ। ੧੫੧।

ਮਹਾ ਕਾਲ ਤੇ ਦਏ ਖਪਾਇ। ਸ੍ਰੋਨਤ ਸੋ ਪ੍ਰਿਥਵੀ ਰਹੀ ਛਾਇ।
ਤਿਹ ਤੇ ਅਮਿਤ ਅਸੁਰ ਉਠਿ ਢੂਕੇ। ਮਾਰਹਿ ਮਾਰਿ ਦਸੌ ਦਿਸਿ ਕੂਕੇ। ੧੫੨।

ਕੇਤਿਕ ਕੀ ਬਾਹਨ ਕਟਿ ਡਾਰਾ। ਕਰੇ ਰੁੰਡ ਬਿਨੁ ਮੁੰਡ ਹਜਾਰਾ।
ਕੇਤਿਕ ਚੀਰ ਅਧੌ ਅਧ ਡਾਰੇ। ਨਾਚਤ ਭੂਤ ਪ੍ਰੇਤ ਮਤਵਾਰੇ। ੧੫੩।

ਜ ਤਿਨ ਕੇ ਸਿਰਿ ਬਹੀ ਕ੍ਰਿਪਾਨੈ। ਅਰਧ ਅਰਧ ਹ੍ਵੈ ਜੂਝੇ ਜ੍ਵਾਨੈ।
ਗਜ ਬਾਜੀ ਲੋਟਤ ਕਹੂੰ ਭੂ ਪਰ। ਸੁੰਭਨ ਸਬਦ ਸੁਨਾ ਅਵਨੀ ਤਰ। ੧੫੪।

ਗਿਰਿ ਗਿਰਿ ਪਰੇ ਕਹੂੰ ਘਾਯਲ ਰਨ। ਭਾਜਿ ਚਲੇ ਕਈ ਹੋਇ ਬਿਮਨ ਮਨ।
ਝਮਕਤ ਕਹੀ ਅਸਿਨ ਕੀ ਧਾਰਾ। ਭਭਕਤ ਰੁੰਡ ਮੁੰਡ ਬਿਕਰਾਰਾ। ੧੫੫।

ਭੁਜੰਗ ਛੰਦ

ਤਹਾ ਜੁਧ ਮਾਚਾ ਮਹਾ ਬੀਰ ਖੇਤੰ। ਬਿਦਾਰੇ ਪਰੇ ਬੀਰ ਬ੍ਰਿੰਦੰ ਬਿਚੇਤੰ।
ਕਹੂੰ ਡਾਮਰੂੰ ਡਹ ਡਹਾ ਸਬਦ ਬਾਜੈ। ਸੁਨੇ ਦੀਹ ਦਾਨਵਾਨ ਕੋ ਦ੍ਰਪ ਭਾਜੈ। ੧੫੬।

ਕਹੂੰ ਸੰਖ ਭੇਰੀ ਬਜੈ ਤਾਲ ਭਾਰੇ। ਕਹੂੰ ਬੇਨ ਬੀਨਾ ਪਨੋ ਔ ਨਗਾਰੇ।
ਕਹੂੰ ਨਾਇ ਨਾਫੀਰਿਯੈ ਨਾਦ ਐਸੇ। ਬਜੈ ਘੋਰ ਬਾਜਾ ਪ੍ਰਲੈ ਕਾਲ ਜੈਸੇ। ੧੫੭।

ਕਹੂੰ ਛੈਨ ਤੂਰੈ ਨਗਾਰੈ ਮ੍ਰਿਦੰਗੈ। ਕਹੂੰ ਬਾਸੁਰੀ ਬੀਨ ਬਾਜੈ ਸੁਰੰਗੈ।
ਕਹੂੰ ਬਗਲ ਤਾਰੰਗ ਬਾਜੇ ਬਜਾਵੈ। ਕਹੂੰ ਬਾਰਤਾ ਰੰਗ ਨੀਕੇ ਸੁਹਾਵੈ। ੧੫੮।

ਕਹੂੰ ਝਾਂਝ ਬਾਜੈ ਕਹੂੰ ਤਾਲ ਐਸੇ। ਕਹੂੰ ਬੇਨੁ ਬੀਨਾ ਪ੍ਰਲੈ ਕਾਲ ਜੈਸੇ।
ਕਹੂੰ ਬਾਸੁਰੀ ਨਾਇ ਨਾਦੈ ਮ੍ਰਿਦੰਗੈ। ਕਹੂੰ ਸਾਰੰਗੀ ਔ ਮੁਚੰਗੈ ਉਪੰਗੈ। ੧੫੯।

ਕਹੂੰ ਗਰਜਿ ਕੈ ਕੈ ਭੁਜਾ ਭੂਪ ਠੋਕੈ। ਕਹੂੰ ਬੀਰ ਬੀਰਾਨ ਕੀ ਰਾਹ ਰੋਕੈ।
ਕਿਤੇ ਅਸਤ੍ਰ ਔ ਸਸਤ੍ਰ ਲੈ ਲੈ ਚਲਾਵੈ। ਕਿਤੇ ਚਰਮ ਲੈ ਚੋਟ ਤਾ ਕੀ ਬਜਾਵੈ। ੧੬0।

ਕਹੂੰ ਰੁੰਡ ਸੋਹੈ ਕਹੂੰ ਮੁੰਡ ਬਾਕੇ। ਕਹੂੰ ਬੀਰ ਮਾਰੇ ਬਿਦਾਰੇ ਨਿਸਾਕੇ।
ਕਹੂੰ ਬਾਜ ਮਾਰੇ ਗਜਾਰਾਜ ਜੁਝੇ। ਕਹੂੰ ਉਸਟ ਕਾਟੇ ਨਹੀ ਜਾਤ ਬੂਝੇ। ੧੬੧।

ਜਿਤਨੇ ਵੀ ਸੂਰਮੇ ਕ੍ਰੋਧਿਤ ਹੋ ਕੇ (ਅਗੇ) ਆਏ, ਮਹਾ ਕਾਲ ਨੇ ਉਤਨੇ ਹੀ ਖਪਾ ਦਿੱਤੇ। ਉਨ੍ਹਾਂ ਦੀ ਮਿਝ ਅਤੇ ਮਾਸ ਧਰਤੀ ਉਤੇ ਡਿਗਿਆ। ਉਸ ਤੋਂ ਹੋਰ ਬਹੁਤ ਸਾਰੇ ਦੈਂਤਾਂ ਨੇ ਸ਼ਰੀਰ ਧਾਰਨ ਕਰ ਲਏ।੧੫੧।

ਮਹਾ ਕਾਲ ਨੇ ਉਨ੍ਹਾਂ ਨੂੰ ਖਪਾ ਦਿੱਤਾ ਅਤੇ ਲਹੂ ਨਾਲ ਧਰਤੀ ਰੰਗੀ ਗਈ। ਉਸ ਤੋਂ ਹੋਰ ਬੇਸ਼ੁਮਾਰ ਦੈਂਤ ਉਠ ਕੇ ਆ ਢੁਕੇ ਅਤੇ ਦਸਾਂ ਦਿਸ਼ਾਵਾਂ ਵਿਚ 'ਮਾਰੋ ਮਾਰੋ' ਕੂਕਣ ਲਗੇ।੧੫੨।

ਕਿਤਨਿਆਂ ਦੀਆਂ ਬਾਂਹਵਾਂ ਕਟ ਦਿੱਤੀਆਂ ਅਤੇ ਹਜ਼ਾਰਾਂ ਧੜ ਸਿਰਾਂ ਤੋਂ ਬਿਨਾ ਕਰ ਦਿੱਤੇ। ਕਿਤਨੇ ਹੀ ਅਧੋ ਅਧ ਚੀਰ ਸੁਟੇ। ਭੂਤ ਅਤੇ ਪ੍ਰੇਤ ਮਤਵਾਲੇ ਹੋ ਕੇ ਨਚਣ ਲਗ ਗਏ।੧੫੩।

ਜਿਤਨਿਆਂ ਦੇ ਸਿਰ ਉਤੇ ਕ੍ਰਿਪਾਨਾਂ ਚਲੀਆਂ ਸਨ, ਉਹ ਜਵਾਨ ਅੱਧੇ ਅੱਧੇ ਹੋ ਕੇ ਮਾਰੇ ਗਏ। ਕਿਤੇ ਘੋੜੇ ਅਤੇ ਹਾਥੀ ਧਰਤੀ ਉਤੇ ਲੋਟ ਪੋਟ ਹੋ ਰਹੇ ਸਨ ਅਤੇ ਸੁੰਮਾਂ (ਖੁਰਾਂ) ਦੇ ਵਜਣ ਦੀ ਆਵਾਜ਼ ਧਰਤੀ ਦੇ ਹੇਠਾਂ ਸੁਣੀਂਦੀ ਸੀ।੧੫੪।

ਰਣ-ਭੂਮੀ ਵਿਚ ਕਿਤੇ (ਸੂਰਮੇ) ਘਾਇਲ ਹੋ ਕੇ ਡਿਗ ਰਹੇ ਸਨ। ਕਈ ਬੇਮਨੇ ਹੋ ਕੇ (ਰਣ ਵਿਚੋਂ) ਭਜ ਚਲੇ ਸਨ। ਕਿਤੇ ਤਲਵਾਰਾਂ ਦੀਆਂ ਧਾਰਾਂ ਚਮਕ ਰਹੀਆਂ ਸਨ। (ਕਿਤੇ) ਭਿਆਨਕ ਰੁੰਡ ਅਤੇ ਮੁੰਡ ਭਕ ਭਕ ਕਰ ਰਹੇ ਸਨ।੧੫੫।

ਭੁਜੰਗ ਛੰਦ

ਉਥੇ ਬਹੁਤ ਭਿਆਨਕ ਯੁੱਧ ਮਚਿਆ ਹੋਇਆ ਸੀ ਅਤੇ ਸੂਰਮਿਆਂ ਦੇ ਜੁਟ ਮਾਰੇ ਹੋਏ ਅਚੇਤ ਪਏ ਸਨ। ਕਿਤੇ ਡਮਰੂ ਡਹ ਡਹ ਸ਼ਬਦ ਕਰਦੇ ਵਜ ਰਹੇ ਸਨ (ਜਿਸ ਨੂੰ) ਸੁਣ ਕੇ ਵੱਡੇ ਦੈਂਤਾਂ ਦਾ ਹੰਕਾਰ ਦੂਰ ਹੋ ਰਿਹਾ ਸੀ।੧੫੬।

ਕਿਤੇ ਸੰਖ, ਭੇਰੀ, ਤਾਲ, ਬੇਨ, ਵੀਣਾ, ਤੰਬੂਰੇ ('ਪਨੋ') ਅਤੇ ਨਗਾਰੇ ਵਜ ਰਹੇ ਸਨ। ਕਿਤੇ ਤੂਤੀਆਂ, ਨਫ਼ੀਰੀਆਂ ਦਾ ਨਾਦ ਇਸ ਤਰ੍ਹਾਂ ਦਾ ਹੋ ਰਿਹਾ ਸੀ, ਜਿਸ ਤਰ੍ਹਾਂ ਪਰਲੋ ਸਮੇਂ ਦਾ ਘੋਰ ਵਾਜਾ ਵਜ ਰਿਹਾ ਹੋਵੇ।੧੫੭।

ਕਿਤੇ ਛੈਣੇ, ਤੁਰੀਆਂ, ਨਗਾਰੇ, ਮ੍ਰਿਦੰਗ, ਬੰਸਰੀ, ਬੀਨ ਅਤੇ ਚੰਗੀਆਂ ਸੁਰਾਂ ਵਾਲੇ ਵਾਜੇ ਵਜ ਰਹੇ ਸਨ। ਕਿਤੇ ਤੂੰਬਾ ('ਬਗਲ'), ਤਰੰਗ ਆਦਿ ਵਾਜੇ ਵਜਾਏ ਜਾ ਰਹੇ ਸਨ। ਕਿਤੇ ਸੋਹਣੇ ਢੰਗ ਨਾਲ ਵੀਰ-ਵਾਰਤਾ ਸੁਣਾਈ ਜਾ ਰਹੀ ਸੀ।੧੫੮।

ਕਿਤੇ ਝਾਂਝ, ਤਾਲ, ਬੇਨ, ਬੀਨਾ ਇਸ ਤਰ੍ਹਾਂ ਵਜ ਰਹੀਆਂ ਸਨ ਜਿਸ ਤਰ੍ਹਾਂ ਪਰਲੋ ਕਾਲ ਦਾ ਮਾਹੌਲ ਬਣਿਆ ਹੋਵੇ। ਕਿਤੇ ਬੰਸਰੀ, ਸ਼ਹਿਨਾਈ, ਮ੍ਰਿਦੰਗ, ਸਾਰੰਗੀ, ਮੁਚੰਗ ਅਤੇ ਉਪੰਗ ਵਜ ਰਹੇ ਸਨ।੧੫੯।

ਕਿਤੇ ਰਾਜੇ ਗਜ ਗਜ ਕੇ ਭੁਜਾਵਾਂ ਉਤੇ ਹੱਥ ਮਾਰ ਰਹੇ ਸਨ। ਕਿਤੇ ਸੂਰਮੇ ਸੂਰਮਿਆਂ ਦਾ ਰਾਹ ਰੋਕ ਰਹੇ ਸਨ। ਕਿਤੇ (ਸੂਰਮੇ) ਅਸਤ੍ਰ ਅਤੇ ਸ਼ਸਤ੍ਰ ਲੈ ਲੈ ਕੇ ਚਲਾ ਰਹੇ ਸਨ ਅਤੇ ਕਿਤੇ ਢਾਲਾਂ ਲੈ ਕੇ ਉਨ੍ਹਾਂ ਦੀਆਂ ਸਟਾਂ ਵਜਾਉਂਦੇ (ਮਾਰਦੇ) ਸਨ।੧੬੦।

ਕਿਤੇ ਬਾਂਕੇ (ਸੂਰਮਿਆਂ ਦੇ) ਰੁੰਡ (ਧੜ) ਅਤੇ ਕਿਤੇ ਮੁੰਡ (ਸਿਰ) ਸ਼ੋਭ ਰਹੇ ਸਨ। ਕਿਤੇ ਨਿਡਰ ('ਨਿਸਾਕੇ') ਸੂਰਮੇ ਕਟੇ ਵਢੇ ਹੋਏ ਮਾਰੇ ਪਏ ਸਨ। ਕਿਤੇ ਘੋੜੇ ਮਾਰੇ ਪਏ ਸਨ ਅਤੇ ਕਿਤੇ ਹਾਥੀ ਜੂਝੇ ਪਏ ਸਨ। ਕਿਤੇ ਉਠ ਕਟੇ ਪਏ ਸਨ (ਜੋ) ਪਛਾਣ ਵਿਚ ਨਹੀਂ ਆਉਂਦੇ ਸਨ।੧੬੧।

ਕਹੂੰ ਚਰਮ ਬਰਮੈ ਗਿਰੇ ਭੂਮਿ ਐਸੇ। ਬਗੇ ਬ੍ਯੋਤਿ ਡਾਰੇ ਸਮੈ ਸੀਤ ਜੈਸੇ।
ਗਏ ਜੁਝਿ ਜੋਧਾ ਜਗੇ ਜੋਰ ਜੰਗੈ। ਮਨੋ ਪਾਨ ਕੈ ਭੰਗ ਸੋਏ ਮਲੰਗੈ। ੧੬੨।

ਕਿਤੇ ਡਹਡਹਾ ਸਬਦ ਡਵਰੂ ਬਜਾਵੈ। ਕਿਤੇ ਰਾਗ ਮਾਰੂ ਖਰੇ ਖੇਤ ਗਾਵੈ।
ਹਸੈ ਗਰਜਿ ਠੋਕੈ ਭੁਜਾ ਪਾਟ ਫਾਟੈ। ਕਿਤੇ ਬੀਰ ਬੀਰਾਨ ਕੇ ਮੂੰਡ ਕਾਟੈ। ੧੬੩।

ਕਹੂੰ ਚੰਚਲਾ ਚਾਰੁ ਚੀਰੈ ਬਨੈਕੈ। ਬਰੈ ਜ੍ਵਾਨਿ ਜੋਧਾ ਜੁਝਿਯੋ ਜ੍ਵਾਨ ਧੈਕੈ।
ਕਹੂੰ ਬੀਰ ਬੀਰਾਨ ਕੇ ਪਾਵ ਪੇਲੈ। ਮਹਾ ਜੰਗ ਜੋਧਾ ਲਗੇ ਸੁਧ ਸੇਲੈ। ੧੬੪।

ਕਹੂੰ ਜਛਨੀ ਕਿੰਨ੍ਰਨੀ ਆਨਿ ਕੈ ਕੈ। ਕਹੂੰ ਗੰਧ੍ਰਬੀ ਦੇਵਨੀ ਮੋਦ ਹ੍ਵੈ ਕੈ।
ਕਹੂੰ ਅਛਰਾ ਪਛਰਾ ਗੀਤ ਗਾਵੈ। ਕਹੂੰ ਚੰਚਲਾ ਅੰਚਲਾ ਕੋ ਬਨਾਵੈ। ੧੬੫।

ਕਹੂੰ ਦੇਵ ਕੰਨ੍ਯਾ ਨਚੈ ਤਾਲ ਦੈ ਕੈ। ਕਹੂੰ ਦੈਤ ਪੁਤ੍ਰੀ ਹਸੈ ਮੋਦ ਹ੍ਵੈ ਕੈ।
ਕਹੂੰ ਚੰਚਲਾ ਅੰਚਲਾ ਕੋ ਬਨਾਵੈ। ਕਹੂੰ ਜਛਨੀ ਕਿੰਨ੍ਰਨੀ ਗੀਤ ਗਾਵੈ। ੧੬੬।

ਲਰੈ ਆਨਿ ਜੋਧਾ ਮਹਾ ਤੇਜ ਤੈ ਕੈ। ਗਿਰੇ ਪਾਕ ਸਾਹੀਦ ਯਾਕੀਨ ਹ੍ਵੈ ਕੈ।
ਕਹੂੰ ਬੀਰ ਬਾਕੇ ਨਚਾਵੈ ਤੁਰੰਗੈ। ਕਹੂੰ ਜੰਗ ਜੋਧਾ ਬਿਰਾਜੈ ਉਤੰਗੈ। ੧੬੭।

ਕਹੂੰ ਬੀਰ ਬਾਨੈਤ ਬੀਰੇ ਉਠਾਵੈ। ਕਹੂੰ ਖੇਤ ਮੈ ਖਿੰਗ ਖਤ੍ਰੀ ਨਚਾਵੈ।
ਕਹੂੰ ਕੋਪ ਕੈ ਕੈ ਹਠੀ ਦਾਤ ਚਾਬੈ। ਕਿਤੇ ਮੂੰਛ ਐਠੈ ਕਿਤੇ ਪਾਗ ਦਾਬੈ। ੧੬੮।

ਦੁਹੂੰ ਓਰ ਗਾਜੇ ਜਬੈ ਛਤ੍ਰਧਾਰੀ। ਮਚੋ ਲੋਹ ਗਾੜੋ ਪਰੀ ਮਾਰਿ ਭਾਰੀ।
ਮਹਾ ਕੋਪ ਕੈ ਬੀਰ ਬਾਜੀ ਉਚਕੈ। ਲਗੇ ਦੇਹ ਮੋ ਘਾਇ ਗਾੜੇ ਭਭਕੈ। ੧੬੯।

ਕਹੂੰ ਕੁੰਡਲਾਕਾਰ ਮੁੰਡੈ ਬਿਰਾਜੈ। ਲਖੇ ਮੁੰਡ ਮਾਲਾਹੁ ਕੇ ਮੁੰਡ ਲਾਜੈ।
ਕਹੂੰ ਘੂੰਮ ਘੂਮੈ ਪਰੇ ਬੀਰ ਭਾਰੀ। ਮਨੋ ਸਿਧ੍ਯ ਬੈਠੇ ਲਗੇ ਜੋਗ ਤਾਰੀ। ੧੭੦।

ਤਹਾ ਸ੍ਰੋਨ ਕੀ ਕੂਲ ਘਾਰੀ ਬਿਰਾਜੈ। ਲਖੈ ਅਸਟ ਨਦ੍ਯਾਨ ਕੋ ਦ੍ਰਪ ਭਾਜੈ।
ਤਹਾ ਬ੍ਰਿੰਦ ਬਾਜੀ ਬਹੇ ਨਕ੍ਰ ਜੈਸੇ। ਲਸੈ ਮਤ ਦੰਤੀ ਮਹਾ ਸੈਲ ਕੈਸੇ। ੧੭੧।

ਧੁਜਾ ਬ੍ਰਿਛ ਤਾ ਮੋ ਬਹੇ ਜਾਤ ਐਸੇ। ਲਸੈ ਡੰਡ ਪਤ੍ਰੀ ਬਿਨਾ ਪਤ੍ਰ ਜੈਸੇ।
ਕਹੂੰ ਛਤ੍ਰ ਤਾ ਮੋ ਬਹੇ ਜਾਤ ਕਾਟੇ। ਮਨੋ ਫੇਨ ਸੇ ਬਾਰਿ ਮੈ ਬਸਤ੍ਰ ਫਾਟੇ। ੧੭੨।

ਕਹੂੰ ਬਾਹ ਕਾਟੀ ਬਹੇ ਜਾਤ ਐਸੇ। ਮਨੋ ਪੰਚ ਬਕ੍ਰਤਾਨ ਕੇ ਨਾਗ ਜੈਸੇ।
ਚੜੇ ਬੀਰ ਬਾਜੀ ਬਹੇ ਜਾਤ ਮਾਰੇ। ਸਨਾਹੀਨ ਕੇ ਸ੍ਵਾਰ ਪਾਰੈ ਪਧਾਰੇ। ੧੭੩।

ਕਿਤੇ ਢਾਲਾਂ ('ਚਰਮ') ਅਤੇ ਕਵਚ ('ਬਰਮ') ਧਰਤੀ ਉਤੇ ਇਸ ਤਰ੍ਹਾਂ ਡਿਗੇ ਪਏ ਸਨ, ਜਿਸ ਤਰ੍ਹਾਂ ਸੀਣ ਵੇਲੇ ਬਸਤ੍ਰਾਂ ਨੂੰ ਵਿਉਂਤ ਕੇ ਰਖਿਆ ਹੋਵੇ। ਜ਼ਬਰਦਸਤ ਜੰਗ ਰੂਪ ਯੱਗ ਵਿਚ ਯੋਧੇ ਇਸ ਤਰ੍ਹਾਂ ਜੁਝੇ ਪਏ ਸਨ, ਮਾਨੋ ਭੰਗ ਪੀ ਕੇ ਮਲੰਗ ਸੁਤੇ ਪਏ ਹੋਣ।੧੬੨।

ਕਿਤੇ 'ਡਹ ਡਹ' ਕਰਦੇ ਡੌਰੂ ਵਜਾਏ ਜਾ ਰਹੇ ਸਨ। ਕਿਤੇ ਯੁੱਧ-ਭੂਮੀ ਵਿਚ ਮਾਰੂ ਰਾਗ ਬਹੁਤ ਗਾਇਆ ਜਾ ਰਿਹਾ ਸੀ। ਕਿਤੇ (ਸੂਰਮੇ) ਹਸ ਕੇ ਭੁਜਾਵਾਂ ਨੂੰ ਠੋਕਦੇ ਸਨ ਅਤੇ ਕਿਤੇ ਗਜ ਕੇ ਪੱਟਾਂ ਉਤੇ ਹੱਥ ਮਾਰਦੇ ਸਨ। ਕਿਤੇ ਸੂਰਮੇ ਸੂਰਮਿਆਂ ਦਾ ਸਿਰ ਕਟ ਰਹੇ ਸਨ।੧੬੩।

ਕਿਤੇ ਅਪੱਛਰਾਵਾਂ ('ਚੰਚਲਾ') ਸੁੰਦਰ ਬਸਤ੍ਰ ਸਜਾ ਕੇ ਉਨ੍ਹਾਂ ਜਵਾਨ ਯੋਧਿਆਂ ਨੂੰ ਵਰ ਰਹੀਆਂ ਸਨ, ਜੋ ਯੁੱਧ ਵਿਚ ਜੁਝੇ ਸਨ। ਕਿਤੇ ਯੋਧੇ ਯੋਧਿਆਂ ਦੇ ਪੈਰ (ਪਿਛੇ ਵਲ) ਧਕਦੇ ਸਨ। (ਉਸ) ਮਹਾਨ ਜੰਗ ਵਿਚ ਯੋਧੇ ਚੰਗੇ ਨੇਜ਼ੇ (ਮਾਰਨ ਵਿਚ) ਲਗੇ ਹੋਏ ਸਨ।੧੬੪।

ਕਿਤੇ ਯਕਸ਼ਣੀ, ਕਿੰਨ੍ਰਨੀ, ਗੰਧਰਬੀ ਅਤੇ ਦੇਵਨੀ (ਇਸਤਰੀਆਂ) ਪ੍ਰਸੰਨ ਹੋ ਕੇ (ਵਿਚਰ ਰਹੀਆਂ ਸਨ)। ਕਿਤੇ ਪਰੀਆਂ ਅਤੇ ਅਪੱਛਰਾਵਾਂ ਗੀਤ ਗਾ ਰਹੀਆਂ ਸਨ। ਕਿਤੇ ਇਸਤਰੀਆਂ (ਸੁੰਦਰ) ਬਸਤ੍ਰ ਸਜਾ ਰਹੀਆਂ ਸਨ।੧੬੫।

ਕਿਤੇ ਦੇਵ-ਕੰਨਿਆਵਾਂ ਤਾਲ ਦੇ ਕੇ ਨਚ ਰਹੀਆਂ ਸਨ ਅਤੇ ਕਿਤੇ ਦੈਂਤ-ਪੁੱਤਰੀਆਂ ਪ੍ਰਸੰਨਤਾ ਪੂਰਵਕ ਹਸ ਰਹੀਆਂ ਸਨ। ਕਿਤੇ ਇਸਤਰੀਆਂ ਸੁੰਦਰ ਬਸਤ੍ਰਾਂ ('ਅੰਚਲਾ') ਨੂੰ ਸੰਵਾਰ ਰਹੀਆਂ ਸਨ। ਕਿਤੇ ਯਕਸ਼ਣੀਆਂ ਅਤੇ ਕਿੰਨ੍ਰਨੀਆਂ ਗੀਤ ਗਾ ਰਹੀਆਂ ਸਨ।੧੬੬।

ਮਹਾਨ ਤੇਜਸਵੀ ਯੋਧੇ ਗੁੱਸੇ ਵਿਚ ਆ ਕੇ ਲੜ ਰਹੇ ਸਨ ਅਤੇ ਨਿਸਚੇ ਨਾਲ ਪਵਿਤ੍ਰ ਸ਼ਹਾਦਤ ਪ੍ਰਾਪਤ ਕਰ ਕੇ ਡਿਗ ਰਹੇ ਸਨ। ਕਿਤੇ ਬਾਂਕੇ ਸੂਰਮੇ ਘੋੜੇ ਨਚਾ ਰਹੇ ਸਨ ਅਤੇ ਕਿਤੇ ਜੰਗ ਵਿਚ ਉੱਚੇ ਯੋਧੇ ਸ਼ੋਭਾ ਪਾ ਰਹੇ ਸਨ।੧੬੭।

ਕਿਤੇ ਬਾਂਕੇ ਬੀਰ (ਯੁੱਧ ਦੇ) ਬੀੜੇ ਉਠਾ ਰਹੇ ਸਨ। ਕਿਤੇ ਯੁੱਧ-ਖੇਤਰ ਵਿਚ ਛਤ੍ਰੀ ਘੋੜੇ ('ਖਿੰਗ') ਨਚਾ ਰਹੇ ਸਨ। ਕਿਤੇ ਰੋਹ ਵਿਚ ਆ ਕੇ ਹਠੀ (ਸੂਰਮੇ) ਦੰਦ ਪੀਹ ਰਹੇ ਸਨ। ਕਿਤੇ (ਸੂਰਮੇ) ਮੁੱਛਾਂ ਮਰੋੜ ਰਹੇ ਸਨ ਅਤੇ ਕਿਤੇ ਪੈਰ ਗਡ ਰਹੇ ਸਨ।੧੬੮।

ਜਦੋਂ ਦੋਹਾਂ ਪਾਸਿਆਂ ਤੋਂ ਛਤ੍ਰਧਾਰੀ (ਸੂਰਮੇ) ਗਜਣ ਲਗੇ, ਤਾਂ ਭਿਆਨਕ ਯੁੱਧ ਮਚ ਗਿਆ ਅਤੇ ਬਹੁਤ ਮਾਰ-ਕਾਟ ਹੋਣ ਲਗੀ। ਬਹੁਤ ਅਧਿਕ ਕ੍ਰੋਧਿਤ ਹੋ ਕੇ ਸੈਨਿਕ ਅਤੇ ਘੋੜੇ ਉਛਲਣ ਲਗੇ। ਸ਼ਰੀਰਾਂ ਵਿਚ ਲਗੇ ਡੂੰਘੇ ਜ਼ਖ਼ਮਾਂ (ਵਿਚੋਂ ਲਹੂ) ਭਕ ਭਕ ਕਰਨ ਲਗਾ।੧੬੯।

ਕਿਤੇ ਕੁੰਡਲਦਾਰ (ਵਾਲਾਂ ਵਾਲੇ) ਸਿਰ ਸ਼ੋਭ ਰਹੇ ਸਨ (ਜਿਨ੍ਹਾਂ ਨੂੰ) ਵੇਖ ਕੇ ਸ਼ਿਵ ਦੇ ਗਲ ਵਿਚ ਪਈ ਮੁੰਡ-ਮਾਲਾ ਦੇ ਮੁੰਡ ਲਜਾ ਰਹੇ ਸਨ। ਕਿਤੇ ਵੱਡੇ ਸੂਰਮੇ ਘੁੰਮੇਰੀ ਖਾ ਕੇ ਡਿਗੇ ਪਏ ਸਨ। (ਇੰਜ ਪ੍ਰਤੀਤ ਹੁੰਦਾ ਸੀ) ਮਾਨੋ ਸਿੱਧ ਯੋਗ ਦੀ ਤਾੜੀ ਲਗਾ ਕੇ ਬੈਠੇ ਹੋਣ।੧੭੦।

ਉਥੇ ਲਹੂ ਦੀ ਨਦੀ ਵਗ ਰਹੀ ਸੀ, ਜਿਸ ਨੂੰ ਵੇਖ ਕੇ ਅੱਠ (ਪਵਿਤ੍ਰ) ਨਦੀਆਂ ਦਾ ਘੁਮੰਡ ਦੂਰ ਹੋ ਰਿਹਾ ਸੀ। ਉਸ ਵਿਚ ਘੋੜਿਆਂ ਦੇ ਅਨੇਕ ਝੁੰਡ ਮਗਰਮੱਛਾਂ ਵਾਂਗ ਵਹਿ ਰਹੇ ਸਨ। ਮਸਤ ਹਾਥੀ ਵੱਡੇ ਪਰਬਤਾਂ ਜਿਹੇ ਲਗ ਰਹੇ ਸਨ।੧੭੧।

ਉਸ ਵਿਚ ਝੰਡੇ ਬ੍ਰਿਛਾਂ ਵਾਂਗ ਇਸ ਤਰ੍ਹਾਂ ਰੁੜ੍ਹੇ ਜਾ ਰਹੇ ਸਨ ਜਿਸ ਤਰ੍ਹਾਂ ਬਿਨਾ ਪਤਿਆਂ ਦੇ ਡੰਡੇ ਰੜ੍ਹਦੇ ਜਾ ਰਹੇ ਸਨ। ਕਿਤੇ ਉਸ ਵਿਚ ਕਟੇ ਹੋਏ ਛਤ੍ਰ ਵਹਿ ਰਹੇ ਸਨ। ਝਗ ਇੰਜ ਲਗ ਰਹੀ ਸੀ ਮਾਨੋ ਫਟੇ ਹੋਏ ਬਸਤ੍ਰ ਪਾਣੀ ਵਿਚ (ਰੁੜ੍ਹ ਰਹੇ ਹੋਣ)।੧੭੨।

ਕਿਤੇ ਕਟੀ ਹੋਈ ਬਾਂਹ ਇਸ ਤਰ੍ਹਾਂ ਰੁੜ੍ਹੀ ਜਾ ਰਹੀ ਸੀ, ਮਾਨੋ ਸ਼ਿਵ ('ਪੰਚ ਬਕ੍ਰਤਾਨ') ਦੇ ਸੱਪ ਹੋਣ। ਕਿਤੇ ਘੋੜ ਚੜ੍ਹੇ ਸੂਰਮੇ ਮਾਰੇ ਹੋਏ ਰੁੜ੍ਹ ਰਹੇ ਸਨ, ਜਿਵੇਂ ਮਸ਼ਕਾਂ ('ਸਨਾਹੀਨ') ਉਪਰ ਸਵਾਰ ਹੋਏ (ਵਿਅਕਤੀ) ਪਾਰ ਜਾ ਰਹੇ ਸਨ।੧੭੩।

ਕਹੂੰ ਖੋਲ ਖੰਡੇ ਬਹੇ ਜਾਤ ਮਾਰੇ। ਮਨੋ ਏਕਠੇ ਕਛ ਮਛ ਹ੍ਵੈ ਪਧਾਰੇ।
ਤਹਾ ਪਾਗ ਛੂਟੇ ਬਹੇ ਜਾਤ ਐਸੇ। ਮਨੋ ਤੀਸ ਬ੍ਯਾਮਾਨ ਕੇ ਨਾਗ ਜੈਸੇ। ੧੭੪।

ਝਖੀ ਝੁੰਡ ਜਾ ਮੈ ਕਟਾਰੀ ਬਿਰਾਜੈ। ਲਖੇ ਖਿੰਗ ਬਾਕੇ ਬਲੀ ਨਾਗ ਲਾਜੈ।
ਕਹੂੰ ਚਰਮ ਕਾਟੇ ਗਿਰੇ ਸਸਤ੍ਰ ਅਸਤ੍ਰੈ। ਕਹੂੰ ਬੀਰ ਬਾਜੀ ਬਹੇ ਜਾਤ ਬਸਤ੍ਰੈ। ੧੭੫।

ਹਲਾਚਾਲ ਕੈ ਕੈ ਹਠੀ ਦੈਤ ਢੂਕੇ। ਚਹੂੰ ਓਰ ਗਾਜੇ ਮਹਾ ਕਾਲ ਜੂ ਕੇ।
ਕਿਤੇ ਕੋਪ ਕੈ ਸਸਤ੍ਰ ਅਸਤ੍ਰੈ ਚਲਾਵੈ। ਕਿਤੇ ਸੰਖ ਔ ਭੀਮ ਭੇਰੀ ਬਜਾਵੈ। ੧੭੬।

ਮਹਾ ਫੂਲਿ ਫੀਲੀ ਨਗਾਰੇ ਬਜੈ ਕੈ। ਚਲੇ ਦੁੰਦਭੀ ਤਾਜਿਯੋ ਕੇ ਸੁਨੈ ਕੈ।
ਮਚੇ ਕੋਪ ਕੈ ਸੁ ਉਸਟੀ ਦਮਾਮੇ। ਮਨੋ ਬਾਜ ਟੂਟੇ ਲਖੇ ਲਾਲ ਤਾਮੇ। ੧੭੭।

ਕਿਤੇ ਬੀਰ ਬਾਕੇ ਧਰੇ ਲਾਲ ਬਾਨੇ। ਕਿਤੇ ਸ੍ਯਾਮ ਔ ਸੇਤ ਕੀਨੇ ਨਿਸਾਨੇ।
ਕਿਤੇ ਹਰਤਿ ਯੌ ਪੀਤ ਬਾਨੇ ਸੁਹਾਏ। ਹਠੀ ਚੁੰਗ ਬਾਧੇ ਚਲੇ ਖੇਤ ਆਏ। ੧੭੮।

ਕਿਤੇ ਢਾਲ ਢਾਪੈ ਕਿਤੇ ਚੋਟ ਓਟੈ। ਸਭੈ ਆਨਿ ਜੂਝੈ ਭਜੈ ਕੋਟ ਕੋਟੈ।
ਕਿਤੇ ਸੂਲ ਔ ਸੈਹਥੀ ਖਿੰਗ ਖੇਲੈ। ਕਿਤੇ ਪਾਸ ਔ ਪਰਸ ਲੈ ਪਾਵ ਪੇਲੈ। ੧੭੯।

ਕਿਤੇ ਪਾਖਰੈ ਡਾਰਿ ਕੈ ਤਾਜਿਯੋ ਪੈ। ਚੜੈ ਚਾਰੁ ਜਾਮੈ ਕਿਤੇ ਬਾਜਿਯੋ ਪੈ।
ਕਿਤੇ ਮਦ ਦੰਤੀਨਿਯੋ ਪੈ ਬਿਰਾਜੈ। ਮਨੋ ਬਾਰਣੇਸੇ ਚੜੇ ਇੰਦ੍ਰ ਲਾਜੈ। ੧੮੦।

ਕਿਤੇ ਖਚਰਾਰੋਹ ਬੈਰੀ ਬਿਰਾਜੈ। ਕਿਤੇ ਗਰਧਭੈ ਪੈ ਚੜੇ ਸੂਰ ਗਾਜੈ।
ਕਿਤੇ ਦਾਨਵੌ ਪੈ ਚੜੇ ਦੈਤ ਭਾਰੇ। ਚਹੂੰ ਓਰ ਗਾਜੇ ਸੁ ਦੈ ਕੈ ਨਗਾਰੇ। ੧੮੧।

ਕਿਤੇ ਮਾਹਿਖੀ ਪੈ ਚੜੇ ਦੈਤ ਢੂਕੇ। ਕਿਤੇ ਸੂਕਰਾ ਸ੍ਵਾਰ ਹ੍ਵੈ ਆਨਿ ਝੂਕੇ।
ਕਿਤੇ ਦਾਨਵੋ ਪੈ ਚੜੇ ਦੈਤ ਭਾਰੇ। ਚਹੂੰ ਓਰ ਤੇ ਮਾਰ ਮਾਰੈ ਪੁਕਾਰੈ। ੧੮੨।

ਕਿਤੇ ਸਰਪ ਅਸਵਾਰ ਹੈ ਕੈ ਸਿਧਾਏ। ਕਿਤੇ ਸ੍ਵਾਰ ਬਘ੍ਯਾਰ ਹ੍ਵੈ ਦੁਸਟ ਆਏ।
ਕਿਤੇ ਚੀਤਿਯੋ ਪੈ ਚੜੇ ਕੋਪ ਕੈ ਕੈ। ਕਿਤੇ ਚੀਤਰੋ ਪੈ ਚੜੇ ਤੇਜ ਤੈ ਕੈ। ੧੮੩।

ਕਿਤੇ ਚਾਕਚੁੰਧ੍ਰ ਚੜੇ ਕਾਕ ਬਾਹੀ। ਅਠੂਹਾਨ ਕੌ ਸ੍ਵਾਰ ਕੇਤੇ ਸਿਪਾਹੀ।
ਕਿਤੇ ਬੀਰ ਬਾਨੀ ਚੜੇ ਬ੍ਰਿਧ ਗਿਧੈ। ਮਨੋ ਧ੍ਯਾਨ ਲਾਗੇ ਲਸੈ ਸੁਧ ਸਿਧੈ। ੧੮੪।

ਕਿਤੇ (ਟੁੱਟੇ ਹੋਏ) ਖੰਡੇ ਅਤੇ ਮਿਆਨ (ਇਸ ਤਰ੍ਹਾਂ) ਵਹੇ ਜਾ ਰਹੇ ਸਨ, ਮਾਨੋ ਕੱਛ ਅਤੇ ਮੱਛ ਇਕੱਠੇ ਹੋ ਕੇ ਰੁੜ੍ਹੇ ਜਾ ਰਹੇ ਹੋਣ। ਉਥੇ ਖੁਲ੍ਹੀਆਂ ਹੋਈਆਂ ਪਗੜੀਆਂ ਇਸ ਤਰ੍ਹਾਂ ਰੁੜ੍ਹਦੀਆਂ ਜਾ ਰਹੀਆਂ ਸਨ, ਮਾਨੋ ਤੀਹ ਬਿਆਮਾਨ (ਦੋ ਗਜ਼ਾਂ ਦੀ ਲੰਬਾਈ ਦਾ ਮਾਨ) ਲੰਬੇ ਸੱਪ ਹੋਣ।੧੭੪।

ਉਸ ਵਿਚ ਕਟਾਰਾਂ ਮੱਛਲੀਆਂ ਦੇ ਝੁੰਡ ਵਰਗੀਆਂ ਸ਼ੋਭਦੀਆਂ ਸਨ। ਬਾਂਕਿਆਂ ਘੋੜਿਆਂ ਨੂੰ ਵੇਖ ਕੇ ਬਲਵਾਨ ਨਾਗ ਵੀ ਲਜਾਉਂਦੇ ਸਨ। ਕਿਤੇ ਢਾਲਾਂ ('ਚਰਮ') ਕਟੀਆਂ ਪਈਆਂ ਸਨ ਅਤੇ (ਕਿਤੇ) ਅਸਤ੍ਰ ਅਤੇ ਸ਼ਸਤ੍ਰ ਡਿਗੇ ਪਏ ਸਨ। ਕਿਤੇ ਸੂਰਮੇ ਅਤੇ ਘੋੜੇ ਬਸਤ੍ਰਾਂ ਸਮੇਤ ਰੁੜ੍ਹੇ ਜਾ ਰਹੇ ਸਨ।੧੭੫।

ਹਠੀ ਦੈਂਤ ਹਲਚਲ ਕਰ ਕੇ ਆਣ ਢੁਕੇ ਸਨ ਅਤੇ ਮਹਾ ਕਾਲ ਜੀ ਦੇ ਚੌਹਾਂ ਪਾਸੇ ਗਜਣ ਲਗੇ ਸਨ। ਕਿਤੇ ਕ੍ਰੋਧਿਤ ਹੋ ਕੇ ਅਸਤ੍ਰ ਸ਼ਸਤ੍ਰ ਚਲਾ ਰਹੇ ਸਨ ਅਤੇ ਕਿਤੇ ਸੰਖ ਅਤੇ ਵੱਡੀਆਂ ਭੇਰੀਆਂ ਵਜਾ ਰਹੇ ਸਨ।੧੭੬।

ਮਹਾਵਤ ('ਫੀਲੀ') ਬਹੁਤ ਪ੍ਰਸੰਨ ਹੋ ਕੇ ਨਗਾਰੇ ਵਜਾ ਰਹੇ ਸਨ ਅਤੇ ਘੋੜਿਆਂ ਉਤੇ ਕਸੇ ਨਗਾਰੇ (ਵਜਾ ਕੇ) ਸੁਣਾਈ ਜਾ ਰਹੇ ਸਨ। ਊਠਾਂ ਉਤੇ ਬੰਨ੍ਹੇ ਨਗਾਰੇ ਕ੍ਰੋਧ ਸਹਿਤ ਵਜਾਏ ਜਾ ਰਹੇ ਸਨ, ਮਾਨੋ ਲਾਲ (ਮਾਸ ਦੀ) ਖ਼ੁਰਾਕ ਨੂੰ ਵੇਖ ਕੇ ਬਾਜ਼ ਟੁਟ ਕੇ ਪੈ ਰਹੇ ਹੋਣ।੧੭੭।

ਕਿਤੇ ਬਾਂਕੇ ਸੂਰਮਿਆਂ ਨੇ ਲਾਲ ਬਾਣੇ ਧਾਰੇ ਹੋਏ ਸਨ। ਕਿਤੇ ਸਫ਼ੈਦ ਅਤੇ ਕਾਲੇ ਰੰਗ ਦੇ ਨਿਸ਼ਾਨ (ਝੰਡੇ) ਬਣਾਏ ਹੋਏ ਸਨ। ਕਿਤੇ ਹਰੇ ਅਤੇ ਪੀਲੇ ਬਾਣੇ ਇਸ ਤਰ੍ਹਾਂ ਸ਼ੋਭਾਇਮਾਨ ਸਨ, ਮਾਨੋ ਜੁਟ ਬੰਨ੍ਹ ਕੇ ਹਠੀ ਸੂਰਮੇ ਯੁੱਧ ਖੇਤਰ ਵਿਚ ਆ ਗਏ ਹੋਣ।੧੭੮।

ਕਿਤੇ ਢਾਲਾਂ ਨਾਲ ਢਕਿਆ ਜਾ ਰਿਹਾ ਸੀ ਅਤੇ ਕਿਤੇ ਚੋਟ ਤੋਂ ਓਟ ਲਈ ਜਾ ਰਹੀ ਸੀ। ਸਾਰੇ ਆ ਕੇ ਜੂਝ ਰਹੇ ਸਨ ਅਤੇ ਬਹੁਤ ਸਾਰੇ ਭਜੀ ਜਾ ਰਹੇ ਸਨ। ਕਿਤੇ ਤ੍ਰਿਸ਼ੂਲਾਂ ਅਤੇ ਸੈਹਥੀਆਂ ਨਾਲ ਘੋੜਿਆਂ (ਉਪਰ ਚੜ੍ਹ ਕੇ) ਯੁੱਧ ਕ੍ਰੀੜਾ ਕੀਤੀ ਜਾ ਰਹੀ ਸੀ। ਕਿਤੇ ਪਾਸ (ਫਾਹੀ) ਅਤੇ ਕੁਹਾੜੇ ਲ□ ਕੇ ਕਦਮਾਂ ਨੂੰ ਅਗੇ ਵਧਾਇਆ ਜਾ ਰਿਹਾ ਸੀ।੧੭੯।

ਕਿਤੇ ਘੋੜਿਆਂ ਉਤੇ ਕਾਠੀਆਂ ਪਾ ਕੇ ਅਤੇ ਕਿਤੇ ਸੁੰਦਰ ਜਾਮਿਆਂ (ਵਿਚ ਸੂਰਮੇ) ਤਾਜ਼ੀਆਂ ਉਪਰ ਚੜ੍ਹ ਕੇ ਜਾ ਰਹੇ ਸਨ। ਕਿਤੇ (ਸੂਰਮੇ) ਮਸਤ ਹਾਥੀਆਂ ਉਤੇ ਬਿਰਾਜ ਰਹੇ ਸਨ, ਮਾਨੋ ਐਰਾਵਤ ਹਾਥੀ ('ਬਾਰਨੇਸੇ') ਉਤੇ ਚੜ੍ਹਿਆ ਇੰਦਰ ਲਜਾ ਰਿਹਾ ਹੋਵੇ।੧੮੦।

ਕਿਤੇ ਖਚਰਾਂ ਉਤੇ ਚੜ੍ਹੇ ਵੈਰੀ ਬਿਰਾਜ ਰਹੇ ਸਨ। ਕਿਤੇ ਖੋਤਿਆਂ ਉਤੇ ਚੜ੍ਹੇ ਸੂਰਮੇ ਗਜ ਰਹੇ ਸਨ। ਕਿਤੇ ਦਾਨਵਾਂ ਉਤੇ ਭਾਰੀ ਦੈਂਤ ਚੜ੍ਹੇ ਹੋਏ ਸਨ ਅਤੇ ਨਗਾਰੇ ਵਜਾ ਕੇ ਚੌਹਾਂ ਪਾਸਿਆਂ ਵਿਚ ਗਜ ਰਹੇ ਸਨ।੧੮੧।

ਕਿਤੇ ਝੋਟਿਆਂ ਉਤੇ ਚੜ ਕੇ ਦੈਂਤ ਢੁਕ ਰਹੇ ਸਨ। ਕਿਤੇ ਸੂਰਾਂ ਉਤੇ ਸਵਾਰ ਹੋ ਕੇ (ਦੈਂਤ) ਆ ਡਟੇ ਸਨ। ਕਿਤੇ ਭਾਰੇ ਦੈਂਤ ਦਾਨਵਾਂ ਉਤੇ ਚੜ੍ਹੇ ਹੋਏ ਸਨ ਅਤੇ ਚੌਹਾਂ ਪਾਸਿਆਂ ਤੋਂ 'ਮਾਰੋ ਮਾਰੋ' ਪੁਕਾਰ ਰਹੇ ਸਨ।੧੮੨।

ਕਿਤੇ ਦੁਸ਼ਟ (ਵੈਰੀ) ਸੱਪਾਂ ਉਤੇ ਸਵਾਰ ਹੋ ਕੇ ਅਤੇ ਕਿਤੇ ਬਘਿਆੜਾਂ ਉਤੇ ਚੜ੍ਹ ਕੇ ਆਏ ਸਨ। ਕਿਤੇ ਕ੍ਰੋਧਿਤ ਹੋਏ ਚੀਤਿਆਂ ਉਤੇ ਚੜ੍ਹ ਕੇ ਅਤੇ ਕਿਤੇ ਤੱਤੇ ਹੋ ਕੇ ਚੀਤਲਾਂ (ਮ੍ਰਿਗਾਂ) ਉਤੇ ਸਵਾਰ ਹੋ ਕੇ ਆ ਪਹੁੰਚੇ ਸਨ।੧੮੩।

ਕਿਤੇ ਛਛੂੰਦਰ ਕਾਂਵਾਂ ਉਪਰ ਚੜ੍ਹੇ ਹੋਏ ਚਲ ਰਹੇ ਸਨ ਅਤੇ ਕਿਤਨੇ ਸਿਪਾਹੀ ਅਠੂਇਆਂ ਉਤੇ ਸਵਾਰ ਸਨ। ਕਿਤੇ ਪ੍ਰਮੁਖ ਸੂਰਮੇ ਵੱਡੀਆਂ ਗਿੱਧਾਂ ਉਤੇ ਚੜ੍ਹੇ ਹੋਏ ਸਨ। (ਇੰਜ ਪ੍ਰਤੀਤ ਹੁੰਦੇ ਸਨ) ਮਾਨੋ ਸ਼ੁੱਧ ਸਿੱਧ ਸਮਾਧੀ ਲਗਾ ਕੇ ਸ਼ੋਭਦੇ ਹੋਣ।੧੮੪।

ਹਠੀ ਬਧਿ ਗੋਪਾ ਗੁਲਿਤ੍ਰਾਨ ਬਾਕੇ। ਬਰਜੀਲੇ ਕਟੀਲੇ ਹਠੀਲੇ ਨਿਸਾਂਕੇ।
ਮਹਾ ਜੁਧ ਮਾਲੀ ਭਰੇ ਕੋਪ ਭਾਰੇ। ਚਹੂੰ ਓਰ ਤੈ ਅਭ੍ਰ ਜ੍ਯੋ ਚੀਤਕਾਰੇ। ੧੮੫।

ਬਡੇ ਦਾਤ ਕਾਢੇ ਚਲੇ ਕੋਪਿ ਭਾਰੇ। ਲਹੇ ਹਾਥ ਮੈ ਪਬ ਪਤ੍ਰੀ ਉਪਾਰੇ।
ਕਿਤੇ ਸੂਲ ਸੈਥੀ ਸੂਆ ਹਾਥ ਲੀਨੇ। ਮੰਡੇ ਆਨਿ ਮਾਰੂ ਮਹਾ ਰੋਸ ਕੀਨੇ। ੧੮੬।

ਹਠੀ ਹਾਕ ਹਾਕੈ ਉਠਾਵੈ ਤੁਰੰਗੈ। ਮਹਾ ਬੀਰ ਬਾਕੇ ਜਗੇ ਜੋਰ ਜੰਗੈ।
ਸੂਆ ਸਾਂਗ ਲੀਨੇ ਅਤਿ ਅਤ੍ਰੀ ਧਰਤ੍ਰੀ। ਮਚੇ ਆਨਿ ਕੈ ਕੈ ਛਕੇ ਛੋਭ ਛਤ੍ਰੀ। ੧੮੭।

ਕਹੂੰ ਬੀਰ ਬੀਰੈ ਲਰੈ ਸਸਤ੍ਰਧਾਰੀ। ਮਨੋ ਕਾਛ ਕਾਛੇ ਨਚੈ ਨ੍ਰਿਤਕਾਰੀ।
ਕਹੂੰ ਸੂਰ ਸਾਂਗੈ ਪੁਐ ਭਾਤਿ ਐਸੇ। ਚੜੈ ਬਾਸ ਬਾਜੀਗਰੈ ਜ੍ਵਾਨ ਜੈਸੇ। ੧੮੮।

ਕਹੂੰ ਅੰਗ ਭੰਗੈ ਗਿਰੇ ਸਸਤ੍ਰ ਅਸਤ੍ਰੈ। ਕਹੂੰ ਬੀਰ ਬਾਜੀਨ ਕੇ ਬਰਮ ਬਸਤ੍ਰੈ।
ਕਹੂੰ ਟੋਪ ਟਾਂਕੇ ਗਿਰੇ ਟੋਪ ਟੂਟੇ। ਕਹੂੰ ਬੀਰ ਅਭ੍ਰਾਨ ਕੀ ਭਾਤਿ ਫੂਟੇ। ੧੮੯।

ਚੌਪਈ

ਇਹ ਬਿਧਿ ਬੀਰ ਖੇਤ ਬਿਕਰਾਲਾ। ਮਾਚਤ ਭਯੋ ਆਨਿ ਤਿਹ ਕਾਲਾ।
ਮਹਾ ਕਾਲ ਕਛੁਹੂ ਤਬ ਕੋਪੇ। ਪੁਹਮੀ ਪਾਵ ਗਾੜ ਕਰਿ ਰੋਪੇ। ੧੯੦।

ਮੋਹਨਾਸਤ੍ਰ ਕੇਤੇ ਮੋਹਿਤ ਕਰਿ। ਬਰੁਣਾਸਤ੍ਰ ਭੇ ਪ੍ਰਾਨ ਕਿਤਨ ਹਰਿ।
ਪਾਵਕਾਸਤ੍ਰ ਭੇ ਅਧਿਕ ਜਰਾਏ। ਅਮਿਤ ਸੁਭਟ ਮ੍ਰਿਤ ਲੋਕ ਪਠਾਏ। ੧੯੧।

ਜਾ ਪਰ ਮਹਾ ਕਾਲ ਅਸਿ ਝਾਰਾ। ਏਕ ਸੁਭਟ ਤੇ ਦ੍ਵੈ ਕਰਿ ਡਾਰਾ।
ਜੌ ਦ੍ਵੈ ਨਰ ਪਰ ਟੁਕ ਅਸਿ ਧਰਾ। ਚਾਰਿ ਟੂਕ ਤਿਨ ਦ੍ਵੈ ਕੈ ਕਰਾ। ੧੯੨।

ਕੇਤਿਕ ਪਰੇ ਸੁਭਟ ਬਿਲਲਾਹੀ। ਜੰਬੁਕ ਗਿਧ ਮਾਸੁ ਲੈ ਜਾਹੀ।
ਭੈਰਵ ਆਨਿ ਦੁਹੂੰ ਭਭਕਾਰੈ। ਕਹੂੰ ਮਸਾਨ ਕਿਲਕਟੀ ਮਾਰੈ। ੧੯੩।

ਕੇਤਿਕ ਸੁਭਟ ਆਨਿ ਹੀ ਢੂਕੈ। ਮਾਰਹਿ ਮਾਰਿ ਦਸੋ ਦਿਸਿ ਕੂਕੈ।
ਮਹਾ ਕਾਲ ਪਰ ਜੇ ਬ੍ਰਿਣ ਕਰਹੀ। ਕੁੰਠਤ ਹੋਇ ਧਰਨਿ ਗਿਰ ਪਰਹੀ। ੧੯੪।

ਬਹੁਰਿ ਕੋਪ ਕਰਿ ਅਸੁਰ ਅਪਾਰਾ।ਅ ਮਹਾ ਕਾਲ ਕਹ ਕਰਤ ਪ੍ਰਹਾਰਾ।
ਤੇ ਵੈ ਏਕ ਰੂਪ ਹ੍ਵੈ ਜਾਹੀ। ਮਹਾ ਕਾਲ ਕੇ ਮਧ੍ਯ ਸਮਾਹੀ। ੧੯੫।

ਹਠੀ ਸੂਰਮਿਆਂ ਨੇ ਗੋਪਾ ਅਤੇ ਉੱਗਲੀਆਂ ਨੂੰ ਢਕਣ ਵਾਲੇ ਲੋਹੇ ਦੇ ਦਸਤਾਨੇ ('ਗੁਲਿਤ੍ਰਾਨ') ਧਾਰਨ ਕੀਤੇ ਹੋਏ ਸਨ। (ਉਹ ਬਹੁਤ) ਕਠੋਰ, ਕਟਣ ਵਾਲੇ, ਹਠ ਵਾਲੇ ਅਤੇ ਨਿਡਰ ਸਨ। ਉਹ ਮਹਾ ਯੁੱਧ ਨੂੰ ਮੰਡਣ ਵਾਲੇ ਅਤੇ ਕ੍ਰੋਧ ਨਾਲ ਬਹੁਤ ਭਰੇ ਹੋਏ (ਯੋਧੇ) ਚੌਹਾਂ ਪਾਸਿਆਂ ਤੋਂ ਬਦਲ ਵਾਂਗ ਗਜ ਰਹੇ ਸਨ।੧੮੫।

ਵੱਡੇ ਦੰਦ ਕਢ ਕੇ ਅਤੇ ਖ਼ੂਬ ਰੋਹ ਵਿਚ ਆ ਕੇ (ਉਨ੍ਹਾਂ ਨੇ) ਹੱਥ ਵਿਚ ਪਰਬਤ ਅਤੇ ਬ੍ਰਿਛ ('ਪੜ੍ਹੀ') ਪੁਟ ਕੇ ਲਏ ਹੋਏ ਸਨ। ਕਿਤੇ ਹੱਥ ਵਿਚ ਤ੍ਰਿਸ਼ੂਲ, ਸੈਹਥੀ ਅਤੇ ਭਾਲੇ ('ਸੂਆ') ਲਏ ਹੋਏ ਸਨ ਅਤੇ ਬਹੁਤ ਅਧਿਕ ਕ੍ਰੋਧ ਕਰ ਕੇ ਭਿਆਨਕ ਯੁੱਧ ਮਚਾ ਦਿੱਤਾ ਸੀ।੧੮੬।

ਹਠੀ ਯੋਧੇ ਘੋੜਿਆਂ ਨੂੰ ਹਿਕ ਹਿਕ ਕੇ ਉਤੇਜਿਤ ਕਰ ਰਹੇ ਸਨ ਅਤੇ ਬਾਂਕੇ ਮਹਾਬੀਰ ਯੁੱਧ ਕਰਨ ਲਈ ਸਚੇਤ ਹੋ ਰਹੇ ਸਨ। ਬਹੁਤ ਸਾਰੇ ਭਾਲਿਆਂ, ਸਾਂਗਾਂ ਅਤੇ ਅਸਤ੍ਰਾਂ ਨੂੰ ਧਾਰਨ ਕਰਨ ਵਾਲੇ ਛਤ੍ਰੀ ਸੂਰਮੇ ਗੁੱਸੇ ਵਿਚ ਆ ਕੇ ਯੁੱਧ-ਭੂਮੀ ਵਿਚ ਆ ਡਟੇ ਸਨ।੧੮੭।

ਕਿਤੇ ਸ਼ਸਤ੍ਰਧਾਰੀ ਸੂਰਮੇ ਸੂਰਮਿਆਂ ਨਾਲ ਲੜ ਰਹੇ ਸਨ। (ਇੰਜ ਲਗਦਾ ਸੀ) ਮਾਨੋ (ਨਟਾਂ ਵਾਂਗ) ਸੂਰਮੇ ਸਜ ਧਜ ਕੇ ਨਾਚ ਨਚ ਰਹੇ ਹੋਣ। ਕਿਤੇ ਸੂਰਮੇ ਸਾਂਗਾਂ ਵਿਚ ਇਸ ਤਰ੍ਹਾਂ ਪਰੁਚੇ ਹੋਏ ਸਨ ਜਿਵੇਂ ਬਾਜੀਗਰਾਂ ਵਾਂਗ ਜਵਾਨ ਬਾਂਸ ਉਤੇ ਚੜ੍ਹੇ ਹੋਏ ਹਨ।੧੮੮।

ਕਿਤੇ ਅੰਗ ਟੁਟੇ ਹੋਏ ਪਏ ਹਨ ਅਤੇ ਕਿਤੇ ਅਸਤ੍ਰ ਅਤੇ ਸ਼ਸਤ੍ਰ ਡਿਗੇ ਹੋਏ ਸਨ। ਕਿਤੇ ਸੂਰਮਿਆਂ ਅਤੇ ਘੋੜਿਆਂ ਦੇ ਕਵਚ ਅਤੇ ਬਸਤ੍ਰ (ਪਏ ਹੋਏ ਸਨ)। ਕਿਤੇ (ਸਿਰਾਂ ਉਤੇ) ਪਾਏ ਟੋਪ (ਅਤੇ ਮੱਥੇ ਉਤੇ ਲਗਾਏ ਲੋਹੇ ਦੇ) ਟਿੱਕੇ ਟੁਟ ਕੇ ਡਿਗ ਪਏ ਸਨ ਅਤੇ ਕਿਤੇ ਸੂਰਮੇ ਬਦਲਾਂ ਵਾਂਗ ਫਟੇ ਪਏ ਸਨ।੧੮੯।

ਚੌਪਈ

ਇਸ ਤਰ੍ਹਾਂ ਦਾ ਉਸ ਸਮੇਂ ਉਥੇ ਭਿਆਨਕ ਯੁੱਧ ਸ਼ੁਰੂ ਹੋ ਗਿਆ। ਤਦ ਮਹਾ ਕਾਲ ਬਹੁਤ ਰੋਹ ਵਿਚ ਆਏ ਅਤੇ ਭੂਮੀ ਉਤੇ ਚੰਗੀ ਤਰ੍ਹਾਂ ਪੈਰ ਗਡ ਕੇ ਜਮਾ ਲਏ।੧੯0।

ਮੋਹਨ ਅਸਤ੍ਰ ਨਾਲ ਕਈਆਂ ਨੂੰ ਮੋਹਿਤ (ਬੇਸੁੱਧ) ਕਰ ਦਿੱਤਾ ਅਤੇ ਵਰੁਣ ਅਸਤ੍ਰ ਨਾਲ ਕਿਤਨਿਆਂ ਦੇ ਪ੍ਰਾਣ ਹਰ ਲਏ। ਅਗਨ ਅਸਤ੍ਰ ਛਡ ਕੇ ਬਹੁਤ ਸਾਰੇ (ਸੂਰਮਿਆਂ) ਨੂੰ ਸਾੜ ਦਿੱਤਾ। ਬੇਸ਼ੁਮਾਰ ਯੋਧਿਆਂ ਨੂੰ ਯਮ-ਲੋਕ ਪਹੁੰਚਾ ਦਿੱਤਾ।੧੯੧।

ਜਿਸ ਉਤੇ ਮਹਾ ਕਾਲ ਨੇ ਤਲਵਾਰ ਦਾ ਵਾਰ ਕੀਤਾ, (ਉਸ) ਯੋਧੇ ਨੂੰ ਇਕ ਤੋਂ ਦੋ ਕਰ ਦਿੱਤਾ (ਅਰਥਾਤ--ਦੋ ਟੋਟੇ ਕਰ ਦਿੱਤੇ)। ਜੇ ਦੋ ਟੁਕੜੇ ਹੋਏ ਬੰਦਿਆਂ ਉਤੇ ਥੋੜੀ ਜਿੰਨੀ ਤਲਵਾਰ ਚਲਾਈ ਤਾਂ ਉਨ੍ਹਾਂ ਦੇ ਦੋ ਤੋਂ ਚਾਰ ਟੁਕੜੇ ਕਰ ਦਿੱਤੇ।੧੯੨।

ਕਿਤਨੇ ਹੀ ਸੂਰਮੇ ਵਿਰਲਾਪ ਕਰ ਰਹੇ ਸਨ। (ਉਨ੍ਹਾਂ ਦਾ) ਮਾਸ ਗਿਦੜ ਅਤੇ ਗਿੱਧਾਂ ਲੈ ਜਾ ਰਹੀਆਂ ਸਨ। ਕਿਤੇ ਭੈਰੋ ਆ ਕੇ ਭਭਕਾਰ ਰਿਹਾ ਸੀ ਅਤੇ ਕਿਤੇ ਮਸਾਨ (ਪ੍ਰੇਤ) ਕਿਲਕਾਰੀਆਂ ਮਾਰ ਰਹੇ ਸਨ।੧੯੩।

ਕਿਤਨੇ ਹੀ ਸੂਰਮੇ ਫਿਰ ਆਣ ਢੁਕੇ ਸਨ ਅਤੇ ਦਸਾਂ ਦਿਸ਼ਾਵਾਂ ਵਿਚ 'ਮਾਰੋ ਮਾਰੋ' ਕੂਕ ਰਹੇ ਸਨ। ਜੋ ਵੀ (ਹਥਿਆਰ) ਮਹਾ ਕਾਲ ਨੂੰ ਘਾਇਲ ਕਰਦਾ ਸੀ, ਉਹ ਖੁੰਢਾ ਹੋ ਕੇ ਧਰਤੀ ਉਤੇ ਡਿਗ ਪੈਂਦਾ ਸੀ।੧੯੪।

ਬੇਸ਼ੁਮਾਰ ਦੈਂਤ ਕ੍ਰੋਧ ਕਰ ਕੇ ਫਿਰ ਮਹਾ ਕਾਲ ਉਤੇ ਵਾਰ ਕਰ ਰਹੇ ਸਨ। ਉਹ ਉਸ ਮਹਾ ਕਾਲ ਨਾਲ ਇਕ ਰੂਪ ਹੀ ਹੋ ਜਾਂਦੇ ਸਨ ਅਤੇ ਉਸ ਵਿਚ ਸਮਾ ਜਾਂਦੇ ਸਨ।੧੯੫।

ਜਿਮਿ ਕੋਈ ਬਾਰਿ ਬਾਰਿ ਪਰ ਮਾਰੈ। ਹੋਤ ਲੀਨ ਤਿਹ ਮਾਝ ਸੁਧਾਰੈ।
ਪੁਨਿ ਕੋਈ ਤਾਹਿ ਨ ਸਕਤ ਪਛਾਨੀ। ਆਗਿਲ ਆਹਿ ਕਿ ਮੋਰਾ ਪਾਨੀ। ੧੯੬।

ਇਹ ਬਿਧਿ ਭਏ ਸਸਤ੍ਰ ਜਬ ਲੀਨਾ। ਅਸੁਰਨ ਕੋਪ ਅਮਿਤ ਤਬ ਕੀਨਾ।
ਕਾਪਤ ਅਧਿਕ ਚਿਤ ਮੋ ਗਏ। ਸਸਤ੍ਰ ਅਸਤ੍ਰ ਲੈ ਆਵਤ ਭਏ। ੧੯੭।

ਜ੍ਵਾਲ ਤਜੀ ਕਰਿ ਕੋਪ ਨਿਸਾਚਰ। ਤਿਨ ਤੇ ਭਏ ਪਠਾਨ ਧਨੁਖ ਧਰ।
ਪੁਨਿ ਮੁਖ ਤੇ ਉਲਕਾ ਜੇ ਕਾਢੇ। ਤਾ ਤੇ ਮੁਗਲ ਉਪਜਿ ਭੇ ਠਾਢੇ। ੧੯੮।

ਪੁਨਿ ਰਿਸਿ ਤਨ ਤਿਨ ਸ੍ਵਾਸ ਨਿਕਾਰੇ। ਸੈਯਦ ਸੇਖ ਭਏ ਰਿਸ ਵਾਰੇ।
ਧਾਏ ਸਸਤ੍ਰ ਅਸਤ੍ਰ ਕਰ ਲੈ ਕੈ। ਤਮਕਿ ਤੇਜ ਰਨ ਤੁਰੀ ਨਚੈ ਕੈ। ੧੯੯।

ਖਾਨ ਪਠਾਨ ਢੁਕੇ ਰਿਸਿ ਕੈ ਕੈ। ਕੋਪਿ ਕ੍ਰਿਪਾਨ ਨਗਨ ਕਰ ਲੈ ਕੈ।
ਮਹਾ ਕਾਲ ਕੌ ਕਰਤ ਪ੍ਰਹਾਰਾ। ਏਕ ਨ ਉਪਰਤ ਰੋਮ ਉਪਾਰਾ। ੨੦੦।

ਅਮਿਤ ਖਾਨ ਕਰਿ ਕੋਪ ਸਿਧਾਰੇ। ਮਦ ਕਰਿ ਭਏ ਸਕਲ ਮਤਵਾਰੇ।
ਉਮਡੇ ਅਮਿਤ ਮਲੇਛਨ ਕੇ ਗਨ। ਤਿਨ ਕੇ ਨਾਮ ਕਹਤ ਤੁਮ ਸੌ ਭਨਿ। ੨੦੧।

ਨਾਹਰ ਖਾਨ ਝੜਾਝੜ ਖਾਨਾ। ਖਾਨ ਨਿਹੰਗ ਭੜੰਗ ਜੁਆਨਾ।
ਔਰ ਝੜੰਗ ਖਾਨ ਰਨ ਧਾਯੋ। ਅਮਿਤ ਸਸਤ੍ਰ ਕਰ ਲਏ ਸਿਧਾਯੋ। ੨੦੨।

ਬੈਰਮ ਖਾਨ ਬਹਾਦੁਰ ਖਾਨਾ। ਬਲਵੰਡ ਖਾਨ ਬਡੋ ਸੁਰ ਗ੍ਯਾਨਾ।
ਰੁਸਤਮ ਖਾਨ ਕੋਪ ਕਰਿ ਚਲੋ। ਲੀਨੇ ਅਮਿਤ ਸੈਨ ਸੰਗ ਭਲੋ। ੨੦੩।

ਹਸਨ ਖਾਨ ਹੁਸੈਨ ਖਾਨ ਭਨ। ਖਾਨ ਮੁਹੰਮਦ ਲੈ ਮਲੇਛ ਗਨ।
ਸਮਸ ਖਾਨ ਸਮਸਰੋ ਖਾਨਾ। ਚਲੇ ਪੀਸ ਕਰਿ ਦਾਤ ਜੁਆਨਾ। ੨੦੪।

ਆਵਤ ਹੀ ਕੀਏ ਬਾਨ ਪ੍ਰਹਾਰਾ। ਮਹਾ ਕਾਲ ਕਰ ਚਹਤ ਸੰਘਾਰਾ।
ਮਹਾ ਕਾਲ ਸਰ ਚਲਤ ਨਿਹਾਰੇ। ਟੂਕ ਸਹੰਸ੍ਰ ਪ੍ਰਿਥੀ ਕਰਿ ਡਾਰੇ। ੨੦੫।

ਡਾਰੇ ਸਤ ਸਤ ਟੂਕ ਪ੍ਰਿਥੀ ਕਰਿ। ਮਹਾ ਕਾਲ ਕਰਿ ਕੋਪ ਅਮਿਤ ਸਰ।
ਇਕ ਇਕ ਸਰ ਤਨ ਬਹੁਰਿ ਪ੍ਰਹਾਰੇ। ਗਿਰੇ ਪਠਾਨ ਸੁ ਭੂਮਿ ਮੰਝਾਰੇ। ੨੦੬।

ਕਟਿ ਨਿਹੰਗਕ ਰਾਖਾ ਦ੍ਵੈ ਧਰ। ਮਾਰੇ ਅਮਿਤ ਝੜਾਝੜ ਖਾ ਸਰ।
ਖਾਨ ਭੜੰਗ ਬਹੁਰਿ ਰਨ ਮਾਰੇ। ਦੇਖਤ ਚਾਰਣ ਸਿਧ ਹਜਾਰੇ। ੨੦੭।

ਨਾਹਰ ਖਾ ਗੈਰਤ ਖਾ ਮਾਰਾ। ਬਲਵੰਡ ਖਾ ਕਾ ਸੀਸ ਉਤਾਰਾ।
ਸੇਰ ਖਾਨ ਕਟਿ ਤੇ ਕਟਿ ਡਾਰਿਯੋ। ਬੈਰਮ ਖਾ ਗਹਿ ਕੇਸ ਪਛਾਰਿਯੋ। ੨੦੮।

ਜਿਵੇਂ ਕੋਈ ਪਾਣੀ ਉਤੇ ਪਾਣੀ ਮਾਰੇ ਤਾਂ ਉਹ ਉਸ ਵਿਚ ਹੀ ਸਮਾ ਜਾਂਦਾ ਹੈ। ਫਿਰ ਕੋਈ ਉਸ ਨੂੰ ਪਛਾਣ ਨਹੀਂ ਸਕਦਾ ਕਿ ਪਹਿਲਾ ਪਾਣੀ ਕਿਹੜਾ ਸੀ ਅਤੇ ਮੇਰਾ ਪਾਣੀ ਕਿਹੜਾ ਹੈ।੧੯੬।

ਇਸ ਤਰ੍ਹਾਂ ਜਦ ਸਾਰੇ ਸ਼ਸਤ੍ਰ (ਮਹਾ ਕਾਲ ਵਿਚ) ਲੀਨ ਹੋ ਗਏ, ਤਦ ਦੈਂਤਾਂ ਨੇ ਬਹੁਤ ਅਧਿਕ ਕ੍ਰੋਧ ਕੀਤਾ। (ਉਹ) ਮਨ ਵਿਚ ਬਹੁਤ ਡਰ ਗਏ ਅਤੇ ਅਸਤ੍ਰ ਅਤੇ ਸ਼ਸਤ੍ਰ ਲੈ ਕੇ ਆ ਗਏ।੧੯੭।

ਦੈਂਤਾਂ ਨੇ ਕ੍ਰੋਧਿਤ ਹੋ ਕੇ (ਮੂੰਹਾਂ ਵਿਚੋ) ਅਗਨੀ ਉਗਲੀ, ਉਸ ਤੋਂ ਧਨੁਸ਼ਧਾਰੀ ਪਠਾਨ ਪੈਦਾ ਹੋ ਗਏ। (ਉਨ੍ਹਾਂ ਨੇ) ਫਿਰ ਮੂੰਹ ਤੋਂ ਅੱਗ (ਅੰਗਾਰੇ) ਕਢੀ, ਉਸ ਤੋਂ ਮੁਗਲ ਪੈਦਾ ਹੋ ਕੇ ਡਟ ਗਏ।੧੯੮।

ਉਨ੍ਹਾਂ ਨੇ ਫਿਰ ਰੋਹ ਵਿਚ ਆ ਕੇ ਸੁਆਸ ਕਢੇ, ਉਨ੍ਹਾਂ ਤੋਂ ਕ੍ਰੋਧੀ ਸੱਯਦ ਅਤੇ ਸ਼ੇਖ ਪੈਦਾ ਹੋ ਗਏ। ਉਹ ਅਸਤ੍ਰ ਅਤੇ ਸ਼ਸਤ੍ਰ ਹੱਥਾਂ ਵਿਚ ਲੈ ਕੇ ਅਤੇ ਘੋੜਿਆਂ ਨੂੰ ਉਕਸਾ ਕੇ ਨਚਾਉਂਦੇ ਹੋਏ ਰਣ-ਭੂਮੀ ਵਿਚ ਧਾ ਕੇ ਪੈ ਗਏ।੧੯੯।

ਖ਼ਾਨ ਅਤੇ ਪਠਾਨ ਕ੍ਰੋਧਵਾਨ ਹੋ ਕੇ ਅਤੇ ਹੱਥ ਵਿਚ ਨੰਗੀਆਂ ਤਲਵਾਰਾਂ ਲ[illegible] ਕੇ ਆਣ ਢੁਕੇ। ਉਹ ਮਹਾ ਕਾਲ ਉਤੇ ਵਾਰ ਕਰਦੇ ਸਨ, ਪਰ ਉਸ ਦਾ ਇਕ ਵਾਲ ਵੀ ਉਖਾੜ ਨਹੀਂ ਸਕਦੇ ਸਨ।੨੦੦।

ਸ਼ਰਾਬ ਵਿਚ ਪੂਰੀ ਤਰ੍ਹਾਂ ਮਦਹੋਸ਼ ਹੋ ਕੇ ਬੇਸ਼ੁਮਾਰ ਖ਼ਾਨ ਰੋਹ ਵਿਚ ਆ ਕੇ ਚਲ ਪਏ। ਮਲੇਛਾਂ ਦੇ ਅਣਗਿਣਤ (ਸੂਰਮਿਆਂ ਦੇ) ਦਲ ਉਮਡ ਪਏ। ਉਨ੍ਹਾਂ ਦੇ ਨਾਂ ਤੁਹਾਨੂੰ ਦਸਦਾ ਹਾਂ।੨੦੧।

ਨਾਹਰ ਖ਼ਾਨ, ਝੜਾਝੜ ਖ਼ਾਨ, ਨਿਹੰਗ ਖ਼ਾਨ, ਭੜੰਗ (ਖ਼ਾਨ) ਅਤੇ ਝੜੰਗ ਖ਼ਾਨ (ਆਦਿ ਲੜਾਕੇ ਯੋਧੇ) ਆਪਣੇ ਹੱਥਾਂ ਵਿਚ ਬੇਹਿਸਾਬ ਸ਼ਸਤ੍ਰ ਲੈ ਕੇ ਰਣ-ਭੂਮੀ ਵਿਚ ਚੜ੍ਹ ਆਏ।੨੦੨।

ਬੈਰਮ ਖ਼ਾਨ, ਬਹਾਦੁਰ ਖ਼ਾਨ, ਬਲਵੰਡ ਖ਼ਾਨ ਅਤੇ ਰੁਸਤਮ ਖ਼ਾਨ ਆਦਿ ਵੱਡੇ ਸਿਆਣੇ ਦੈਂਤ ਬਹੁਤ ਸਾਰੀ ਸੈਨਾ ਨਾਲ ਲੈ ਕੇ ਰੋਹ ਵਿਚ ਆ ਕੇ ਚਲ ਪਏ।੨੦੩।

ਹਸਨ ਖ਼ਾਨ, ਹੁਸੈਨ ਖ਼ਾਨ, ਮੁਹੰਮਦ ਖ਼ਾਨ, ਸ਼ਮਸ ਖ਼ਾਨ ਅਤੇ ਸਮਸਰੋ ਖ਼ਾਨ ਬਹੁਤ ਸਾਰੀ ਸੈਨਾ ਨਾਲ ਲੈ ਕੇ ਦੰਦ ਪੀਂਹਦੇ ਹੋਏ ਚਲ ਪਏ।੨੦੪।

(ਉਨ੍ਹਾਂ ਨੇ) ਆਉਂਦਿਆਂ ਹੀ ਬਾਣਾਂ ਦੇ ਵਾਰ ਕੀਤੇ। (ਉਹ) ਮਹਾ ਕਾਲ ਨੂੰ ਮਾਰ ਦੇਣਾ ਚਾਹੁੰਦੇ ਸਨ। ਮਹਾ ਕਾਲ ਚਲਦੇ ਹੋਏ ਬਾਣਾਂ ਨੂੰ ਵੇਖਦਾ ਅਤੇ (ਉਨ੍ਹਾਂ ਦੇ) ਹਜ਼ਾਰਾਂ ਟੋਟੇ ਕਰ ਕੇ ਧਰਤੀ ਉਤੇ ਸੁਟ ਦਿੰਦਾ।੨੦੫।

ਮਹਾ ਕਾਲ ਨੇ ਬਹੁਤ ਕ੍ਰੋਧ ਕਰ ਕੇ ਬੇਸ਼ੁਮਾਰ ਬਾਣ ਚਲਾ ਕੇ (ਉਨ੍ਹਾਂ ਤੀਰਾਂ ਨੂੰ) ਸੌ ਸੌ ('ਸਤ, ਸਤ') ਟੋਟੇ ਕਰ ਕੇ ਧਰਤੀ ਉਤੇ ਸੁਟ ਦਿੱਤਾ। ਉਸ (ਮਹਾ ਕਾਲ) ਨੇ ਫਿਰ ਇਕ ਇਕ ਤੀਰ ਚਲਾਇਆ (ਜਿਸ ਨਾਲ ਬਹੁਤ ਸਾਰੇ) ਪਠਾਨ ਧਰਤੀ ਉਤੇ ਡਿਗ ਪਏ।੨੦੬।

(ਉਸ ਨੇ) ਨਿਹੰਗ ਖ਼ਾਨ ਨੂੰ ਦੋ ਹਿੱਸਿਆਂ ਵਿਚ ਕਟ ਕੇ ਰਖ ਦਿੱਤਾ ਅਤੇ ਝੜਾਝੜ ਖ਼ਾਨ ਨੂੰ ਵੀ ਬਹੁਤ ਤੀਰ ਮਾਰੇ। ਫਿਰ ਹਜ਼ਾਰਾਂ ਚਾਰਣਾਂ ਅਤੇ ਸਿੱਧਾਂ ਦੇ ਵੇਖਦੇ ਹੋਇਆਂ ਭੜੰਗ ਖ਼ਾਨ ਨੂੰ ਰਣ-ਖੇਤਰ ਵਿਚ ਮਾਰ ਦਿੱਤਾ।੨੦੭।

ਨਾਹਰ ਖ਼ਾਨ ਅਤੇ ਗੈਰਤ ਖ਼ਾਨ ਨੂੰ ਮਾਰ ਦਿੱਤਾ ਅਤੇ ਬਲਵੰਡ ਖ਼ਾਨ ਦਾ ਸਿਰ ਉਤਾਰ ਦਿੱਤਾ। ਸ਼ੇਰ ਖ਼ਾਨ ਨੂੰ ਲਕ ('ਕਟਿ') ਤੋਂ ਕਟ ਦਿੱਤਾ ਅਤੇ ਬੈਰਮ ਖ਼ਾਨ ਨੂੰ ਵਾਲਾਂ ਤੋਂ ਪਕੜ ਕੇ ਪਛਾੜ ਦਿੱਤਾ।੨੦੮।

ਪੁਨਿ ਕਰਿ ਕੋਪ ਬਹਾਦੁਰ ਖਾਨਾ। ਛਾਡੇ ਤਬੈ ਬਿਸਿਖ ਰਿਸਿ ਨਾਨਾ।
ਮਹਾ ਕਾਲ ਕੁਪ ਬਾਨ ਪ੍ਰਹਾਰੋ। ਗਿਰਿਯੋ ਕਹਾ ਲੌ ਲਰੈ ਬਿਚਾਰੋ। ੨੦੯।

ਇਹ ਬਿਧਿ ਹਨੀ ਪਠਾਨੀ ਸੈਨਾ। ਮੁਗਲਨ ਪਰਾ ਮਧਿ ਕਛੁ ਭੈ ਨਾ।
ਛਿਨਕਿਕ ਮੋ ਬਹੁ ਸੁਭਟ ਗਿਰਾਏ। ਜਾਨੁ ਇੰਦ੍ਰ ਪਰਬਤ ਸੇ ਘਾਏ। ੨੧੦।

ਬੈਰਮ ਬੇਗ ਮੁਗਲ ਕੌ ਮਾਰਾ। ਯੂਸਫ ਖਾ ਕਟਿ ਤੇ ਕਟਿ ਡਾਰਾ।
ਤਾਹਿਰ ਬੇਗ ਟਿਕਾ ਸੰਗ੍ਰਾਮਾ। ਅੰਤ ਗਿਰਿਯੋ ਭਿਰਿ ਕੈ ਦ੍ਵੈ ਜਾਮਾ। ੨੧੧।

ਨੂਰਮ ਬੇਗ ਬਹੁਰਿ ਰਿਸਿ ਮਾਰਿਯੋ। ਆਦਿਲ ਬੇਗਹਿ ਬਹੁਰਿ ਪ੍ਰਜਾਰਿਯੋ।
ਤ੍ਰਾਸਿਤ ਭਈ ਮਲੇਛੀ ਸੈਨਾ। ਆਯੁਧ ਸਕਾ ਹਾਥ ਕੋਈ ਲੈ ਨਾ। ੨੧੨।

ਭਜੇ ਪਠਾਨ ਮੁਗਲ ਹੂੰ ਭਾਜੇ। ਸੈਯਦ ਆਨਿ ਦਸੌ ਦਿਸਿ ਗਾਜੇ।
ਫਿਰੇ ਪਠਾਨ ਬਿਮਨ ਜੇ ਭਏ। ਬਹੁਰਿ ਧਨੁਖ ਟੰਕੋਰਤ ਗਏ। ੨੧੩।

ਆਵਤ ਹੀ ਹੁਸੈਨ ਖਾ ਜੂਝਾ। ਹਸਨ ਖਾਨ ਸਨਮੁਖ ਹ੍ਵੈ ਲੂਝਾ।
ਬਹੁਰਿ ਮੁਹੰਮਦ ਖਾ ਲਰਿ ਮਰਿਯੋ। ਜਾਨਕ ਸਲਭ ਦੀਪ ਮਹਿ ਪਰਿਯੋ। ੨੧੪।

ਸੈਦ ਹੁਸੈਨ ਕੋਪ ਕਰਿ ਗਰਜੋ। ਜਾਫਰ ਸੈਦ ਰਹਾ ਨਹਿ ਬਰਜੋ।
ਲੋਹ ਪ੍ਰਜੰਤ ਬਾਨ ਤਨਿ ਮਾਰੇ। ਭਏ ਲੀਨ ਨਹਿ ਬਹੁਰਿ ਨਿਹਾਰੇ। ੨੧੫।

ਬਹੁਰੋ ਅਮਿਤ ਕੋਪ ਕਹ ਕਰਿ ਕੈ। ਛਾਡੇ ਬਿਸਿਖ ਧਨੁਖ ਕੌ ਧਰਿ ਕੈ।
ਛੂਟਤ ਭਏ ਸਲਭ ਕੀ ਜਿਮਿ ਸਰ। ਲੀਨ ਭਏ ਨਹਿ ਲਖੇ ਦ੍ਰਿਗਨ ਕਰਿ। ੨੧੬।

ਇਹ ਬਿਧਿ ਮਾਰਿ ਸੈਯਦੀ ਸੈਨਾ। ਸੇਖ ਫੌਜ ਭਾਜੀ ਬਿਨੁ ਚੈਨਾ।
ਮਹਾ ਕਾਲ ਜਬ ਭਜੇ ਨਿਹਾਰੇ। ਬਿਸਿਖ ਕੋਪ ਨਹਿ ਤਾਹਿ ਪ੍ਰਹਾਰੇ। ੨੧੭।

ਬਹੁਰੌ ਭਿਰੇ ਸੇਖ ਭਰਿ ਲਾਜਾ। ਲੈ ਲੈ ਸਸਤ੍ਰ ਅਸਤ੍ਰ ਸਭ ਸਾਜਾ।
ਜਿਮਿ ਮ੍ਰਿਗ ਬਧ ਮ੍ਰਿਗਪਤਿ ਕੌ ਤਕਹੀ। ਝਖਿ ਝਖਿ ਗਿਰਤ ਮਾਰਿ ਨਹਿ ਸਕਹੀ। ੨੧੮।

ਸੇਖ ਫਰੀਦ ਹਨਾ ਤਤਕਾਲਾ। ਸੇਖ ਉਜੈਨ ਹਨਾ ਬਿਕਰਾਲਾ।
ਸੇਖ ਅਮਾਨੁਲਹ ਪੁਨਿ ਮਾਰਿਯੋ। ਸੇਖ ਵਲੀ ਕੋ ਸੈਨ ਸੰਘਾਰਿਯੋ। ੨੧੯।

ਤਿਲ ਤਿਲ ਪਾਇ ਸੁਭਟ ਕਹੂੰ ਕਰੇ। ਚਰਮ ਬਰਮ ਰਨ ਮੋ ਕਹੂੰ ਝਰੇ।
ਭਖਿ ਭਖਿ ਉਠੈ ਸੁਭਟ ਕਹੂੰ ਕ੍ਰੁਧਾ। ਦਾਰੁਣ ਮਚਿਯੋ ਐਸ ਤਹ ਜੁਧਾ। ੨੨੦।

ਫਿਰ ਬਹਾਦੁਰ ਖ਼ਾਨ ਨੇ ਕ੍ਰੋਧ ਕੀਤਾ ਅਤੇ ਰੋਹ ਵਿਚ ਆ ਕੇ ਤਦ ਬਹੁਤ ਸਾਰੇ ਬਾਣ ਛਡੇ। ਮਹਾ ਕਾਲ ਨੇ ਕ੍ਰੋਧ ਵਿਚ ਆ ਕੇ ਤੀਰਾਂ ਦਾ ਪ੍ਰਹਾਰ ਕੀਤਾ। (ਉਹ) ਵਿਚਾਰਾ ਕਦੋਂ ਤਕ ਲੜਦਾ, (ਆਖਰ) ਡਿਗ ਪਿਆ।੨੦੯।

ਇਸ ਤਰ੍ਹਾਂ ਪਠਾਨੀ ਸੈਨਾ ਨੂੰ ਮਾਰ ਦਿੱਤਾ, ਪਰ ਮੁਗਲ ਸੈਨਾ ਵਿਚ ਅਜੇ ਕੋਈ ਡਰ ਪੈਦਾ ਨ ਹੋਇਆ। ਇਕ ਛਿਣ ਵਿਚ ਬਹੁਤ ਸਾਰੇ ਸੂਰਮੇ ਡਿਗਾ ਦਿੱਤੇ। (ਇੰਜ ਪਤੀਤ ਹੁੰਦਾ ਸੀ) ਮਾਨੋ ਇੰਦਰ ਨੇ ਪਰਬਤਾਂ ਵਰਗਿਆਂ ਨੂੰ ਮਾਰ ਦਿੱਤਾ ਹੋਵੇ।੨੧੦।

ਬੈਰਮ ਬੇਗ ਮੁਗਲ ਨੂੰ ਮਾਰ ਦਿੱਤਾ ਅਤੇ ਯੂਸਫ਼ ਖ਼ਾਨ ਨੂੰ ਲਕ ਤੋਂ ਕਟ ਸੁਟਿਆ। ਤਾਹਿਰ ਬੇਗ (ਕੁਝ ਸਮੇਂ ਲਈ) ਯੁੱਧ ਖੇਤਰ ਵਿਚ ਟਿਕਿਆ ਰਿਹਾ, ਪਰ ਫਿਰ ਦੋ ਪਹਿਰ ਲੜ ਕੇ ਡਿਗ ਪਿਆ।੨੧੧।

ਫਿਰ ਰੋਹ ਵਿਚ ਆ ਕੇ ਨੁਰਮ ਬੇਗ ਨੂੰ ਮਾਰ ਦਿੱਤਾ ਅਤੇ ਮਗਰੋਂ ਆਦਿਲ ਬੇਗ ਨੂੰ ਸਾੜ ਦਿੱਤਾ। (ਇਸ ਤਰ੍ਹਾਂ) ਮਲੇਛ ਸੈਨਾ ਡਰ ਗਈ ਅਤੇ ਕੋਈ ਵੀ ਹੱਥ ਵਿਚ ਸ਼ਸਤ੍ਰ ਨ ਸੰਭਾਲ ਸਕਿਆ।੨੧੨।

ਪਠਾਨ ਭਜ ਗਏ ਅਤੇ ਮੁਗਲ ਵੀ ਦੌੜ ਗਏ। (ਇਸ ਪਿਛੋਂ) ਦਸਾਂ ਪਾਸਿਆਂ ਤੋਂ ਸੱਯਦ ਆਣ ਗਜੇ। (ਫਿਰ) ਉਦਾਸ ਹੋਏ ਪਠਾਨ ਪਰਤ ਪਏ ਅਤੇ ਫਿਰ ਧਨੁਸ਼ਾਂ ਨੂੰ ਟੰਕਾਰਨ ਲਗੇ।੨੧੩।

ਆਉਂਦਿਆਂ ਹੀ ਹੁਸੈਨ ਖ਼ਾਨ ਜੁਝ ਗਿਆ ਅਤੇ ਹਸਨ ਖ਼ਾਨ ਸਾਹਮਣੇ ਡਟ ਕੇ ਮਾਰਿਆ ਗਿਆ। ਫਿਰ ਮੁਹੰਮਦ ਖ਼ਾਨ ਲੜ ਕੇ ਮਾਰਿਆ ਗਿਆ। (ਇੰਜ ਲਗਦਾ ਸੀ) ਮਾਨੋ ਪਤੰਗਾ ਦੀਪਕ ਉਪਰ ਡਿਗ ਪਿਆ ਹੋਵੇ।੨੧੪।

ਸੱਯਦ ਹੁਸੈਨ ਕ੍ਰੋਧਿਤ ਹੋ ਕੇ ਗਜਿਆ ਅਤੇ ਜਾਫ਼ਰ ਸੱਯਦ ਵੀ ਰੋਕਿਆਂ ਰੁਕ ਨ ਸਕਿਆ। ਉਨ੍ਹਾਂ ਦੇ ਸ਼ਰੀਰ ਵਿਚ ਲੋਹੇ (ਦੇ ਕਵਚ) ਤਕ ਬਾਣ ਮਾਰੇ ਜੋ (ਉਨ੍ਹਾਂ ਦੇ ਸ਼ਰੀਰਾਂ ਵਿਚ) ਹੀ ਖੁਭ ਗਏ, ਫਿਰ ਵਿਖਾਈ ਨ ਦਿੱਤੇ।੨੧੫।

ਫਿਰ ਬਹੁਤ ਅਧਿਕ ਕ੍ਰੋਧ ਕਰ ਕੇ, ਧਨੁਸ਼ ਉਤੇ ਚੜ੍ਹਾ ਕੇ ਬਾਣ ਛਡੇ। ਉਹ ਤੀਰ ਪਤੰਗਿਆਂ ਵਾਂਗ ਛੁਟੇ ਅਤੇ ਫਿਰ ਅਜਿਹੇ ਖੁਭੇ ਕਿ ਅੱਖਾਂ ਨਾਲ ਵੇਖੇ ਨ ਜਾ ਸਕੇ।੨੧੬।

ਇਸ ਤਰ੍ਹਾਂ ਸੱਯਦਾਂ ਦੀ ਫ਼ੌਜ ਮਾਰੀ ਗਈ ਅਤੇ ਸ਼ੇਖਾਂ ਦੀ ਸੈਨਾ ਬੇਚੈਨ ਹੋ ਕੇ ਭਜ ਗਈ। ਮਹਾ ਕਾਲ ਨੇ ਜਦ ਉਨ੍ਹਾਂ ਨੂੰ ਭਜਦਿਆਂ ਵੇਖਿਆ, (ਤਦ) ਰੋਹ ਵਿਚ ਆ ਕੇ ਉਨ੍ਹਾਂ ਉਤੇ ਬਾਣ ਨ ਚਲਾਏ।੨੧੭।

ਸ਼ੇਖ ਸੈਨਿਕ ਲਾਜ ਦੇ ਮਾਰੇ ਫਿਰ ਲੜਨ ਲਗੇ ਅਤੇ ਅਸਤ੍ਰਾਂ ਸ਼ਸਤ੍ਰਾਂ ਆਦਿ ਨੂੰ ਲ਼ ਕੇ ਸੁਸਜਿਤ ਹੋ ਗਏ। ਜਿਵੇਂ ਹਿਰਨ ਨੂੰ ਮਾਰਨ ਵਾਲਾ ਸ਼ੇਰ ਨੂੰ ਵੇਖ ਕੇ ਝਖ ਮਾਰਦਾ ਹੋਇਆ ਡਿਗ ਪੈਂਦਾ ਹੈ ਅਤੇ ਮਾਰ ਨਹੀਂ ਸਕਦਾ।੨੧੮।

ਸ਼ੇਖ ਫ਼ਰੀਦ ਨੂੰ ਉਸੇ ਵੇਲੇ ਮਾਰ ਦਿੱਤਾ ਅਤੇ ਭਿਆਨਕ ਸ਼ੇਖ ਉਜੈਨ ਨੂੰ ਵੀ ਖ਼ਤਮ ਕਰ ਦਿੱਤਾ। ਫਿਰ ਸ਼ੇਖ ਅਮਾਨੁੱਲਾ ਨੂੰ ਮਾਰ ਦਿੱਤਾ ਅਤੇ ਸ਼ੇਖ ਵਲੀ ਦੀ ਸੈਨਾ ਨੂੰ ਨਸ਼ਟ ਕਰ ਦਿੱਤਾ।੨੧੯।

ਕਿਤੇ ਸੂਰਮਿਆਂ ਨੂੰ ਤਿਲ ਤਿਲ ਕਰ ਕੇ ਸੁਟ ਦਿੱਤਾ ਅਤੇ ਕਿਤੇ ਢਾਲਾਂ ('ਚਰਮ') ਅਤੇ ਕਵਚ ('ਬਰਮ') ਰਣ ਵਿਚ ਖਿਲਰ ਗਏ। ਉਥੇ ਅਜਿਹਾ ਹੈਬਤਨਾਕ ਯੁੱਧ ਮਚਿਆ ਕਿ ਸੂਰਮਿਆਂ ਨੂੰ ਕ੍ਰੋਧ ਭਖਾ ਭਖਾ ਕੇ ਉਠਾ ਦਿੰਦਾ ਸੀ।੨੨੦।

ਕਹੂੰ ਕਬੰਧ ਫਿਰਤ ਸਿਰ ਬਿਨਾ। ਕਹੂੰ ਸੁਭਟ ਗਹਿ ਦਾਤਨ ਤ੍ਰਿਨਾ।
ਰਛ ਰਛ ਕਹਿ ਤਾਹਿ ਪੁਕਾਰੈ। ਮਹਾ ਕਾਲ ਜਿਨਿ ਹਮੈ ਸੰਘਾਰੈ। ੨੨੧।

ਕਹੂੰ ਆਨਿ ਡਾਕਿਨਿ ਡਹਕਾਰੈ। ਕਹੂੰ ਮਸਾਨ ਕਿਲਕਟੀ ਮਾਰੈ।
ਭੂਤ ਪਿਸਾਚ ਨਚੇ ਬੈਤਾਲਾ। ਬਰਤ ਫਿਰਤ ਬੀਰਨ ਕਹ ਬਾਲਾ। ੨੨੨।

ਏਕੈ ਅਛ ਏਕ ਹੀ ਬਾਹਾ। ਏਕ ਚਰਨ ਅਰੁ ਅਰਧ ਸਨਾਹਾ।
ਇਹ ਬਿਧਿ ਸੁਭਟ ਬਿਕਟ ਹਨਿ ਡਾਰੇ। ਪਵਨ ਬਲੀ ਜਨੁ ਰੁਖ ਉਖਾਰੇ। ੨੨੩।

ਜਿਹ ਅਰਿ ਕਾਲ ਕ੍ਰਿਪਾਨ ਬਹੀ ਸਿਰ। ਤਿਨ ਕੇ ਰਹੀ ਨ ਜੀਵਕਰਾ ਫਿਰਿ।
ਜਾ ਕਹ ਕਾਲ ਖੜਗ ਫ੍ਵੈ ਗਯਾ। ਅਰਧੈ ਅਰਧ ਛਿਨਿਕ ਮਹਿ ਭਯਾ। ੨੨੪।

ਬਹੀ ਜਾਹਿ ਸਿਰ ਸਰਕਿ ਸਰੋਹੀ। ਤਾ ਕਾ ਰਹਾ ਸੀਸੁ ਦ੍ਵੈ ਦੋਹੀ।
ਜਾ ਕੌ ਬਾਨ ਕਾਲ ਕਾ ਲਾਗਾ। ਤਾ ਕੇ ਪ੍ਰਾਨ ਬਾਨ ਲੈ ਭਾਗਾ। ੨੨੫।

ਮਾਰੂ ਬਜਤ ਦੋਊ ਦਿਸਿ ਐਸੋ। ਜਾਨੁਕ ਪ੍ਰਲੈ ਕਾਲ ਕੇ ਐਸੇ।
ਗੋਮੁਖ ਝਾਂਝਰ ਤੂਰ ਅਪਾਰਾ। ਢੋਲ ਮ੍ਰਿਦੰਗ ਮੁਚੰਗ ਹਜਾਰਾ। ੨੨੬।

ਘੋਰ ਆਯੁਧਨ ਇਹ ਬਿਧਿ ਭਯੋ। ਜਿਹ ਕੋ ਪਾਰ ਨ ਕਿਨਹੂੰ ਲਯੋ।
ਜੇਤਿਕ ਅਸੁਰ ਮਲੇਛੁਪਜਾਏ। ਮਹਾ ਕਾਲ ਛਿਨ ਬੀਚ ਖਪਾਏ। ੨੨੭।

ਬਹੁਰਿ ਅਸੁਰ ਕ੍ਰੁਧਤ ਅਤਿ ਭਯੋ। ਅਮਿਤ ਅਸੁਰ ਉਪਰਾਜਿ ਸੁ ਲਯੋ।
ਧੂਲੀ ਕਰਨ ਬਿਦਿਤ ਕੇਸੀ ਭਨ। ਘੋਰ ਦਾੜ ਅਰੁ ਸ੍ਰੋਨਤ ਲੋਚਨ। ੨੨੮।

ਗਰਧਬ ਕੇਤੁ ਮਹਿਖ ਧੁਜ ਨਾਮਾ। ਅਰੁਨ ਨੇਤ੍ਰ ਉਪਜਾ ਸੰਗ੍ਰਾਮਾ।
ਅਸਿਧੁਜ ਨਿਰਖਿ ਅਸੁਰ ਉਪਜੇ ਰਨ। ਮਾਰਤ ਭਯੋ ਦਾਨਵਨ ਕੇ ਗਨ। ੨੨੯।

ਅਸਿਧੁਜ ਕੋਪ ਅਧਿਕ ਕਹ ਕਰਾ। ਸੈਨ ਦਾਨਵਨ ਕੋ ਰਨ ਹਰਾ।
ਭਾਤਿ ਭਾਤਿ ਤਨ ਸਸਤ੍ਰ ਪ੍ਰਹਾਰੇ। ਤਿਲ ਤਿਲ ਪਾਇ ਸੁਭਟ ਕਟਿ ਡਾਰੇ। ੨੩੦।

ਇਹ ਬਿਧਿ ਹਨੀ ਸੈਨ ਅਸਿਧੁਜ ਜਬ। ਕਾਪਤ ਭਯੋ ਅਸੁਰ ਜਿਯ ਮੋ ਤਬ।
ਅਮਿਤ ਅਸੁਰ ਰਨ ਔਰ ਪ੍ਰਕਾਸੇ। ਤਿਨ ਕੋ ਕਹਤ ਨਾਮ ਬਿਨੁ ਸਾਸੇ। ੨੩੧।

ਗੀਧ ਧੁਜਾ ਕਾਕ ਧੁਜ ਰਾਛਸ। ਉਲੂ ਕੇਤੁ ਬੀਯੋ ਬਡ ਰਾਛਸ।
ਅਸਿਧੁਜ ਕੇ ਰਨ ਸਮੁਹਿ ਸਿਧਾਏ। ਮਾਰਿ ਮਾਰਿ ਚਹੂੰ ਓਰ ਉਘਾਏ। ੨੩੨।

ਬਿਸਿਖਨ ਬ੍ਰਿਸਟਿ ਕਰੀ ਕੋਪਹਿ ਕਰਿ। ਜਲਧਰ ਐਸ ਬਡੇ ਭੂਧਰ ਪਰ।
ਸਸਤ੍ਰ ਅਸਤ੍ਰ ਕਰਿ ਕੋਪ ਪ੍ਰਹਾਰੇ। ਚਟਪਟ ਸੁਭਟ ਬਿਕਟਿ ਕਟਿ ਡਾਰੈ। ੨੩੩।

ਕਿਤੇ ਸਿਰ ਤੋਂ ਬਿਨਾ ਧੜ ਘੁੰਮ ਰਹੇ ਸਨ ਅਤੇ ਕਿਤੇ ਸੂਰਮਿਆਂ ਨੇ ਦੰਦਾਂ ਵਿਚ ਘਾਹ ਪਕੜਿਆ ਹੋਇਆ ਸੀ। (ਅਰਥਾਤ--ਈਨ ਮੰਨ ਰਹੇ ਸਨ)। ਉਹ 'ਬਚਾ ਲਓ, ਬਚਾ ਲਓ' ਦੀ ਪੁਕਾਰ ਕਰ ਕੇ ਮਹਾ ਕਾਲ ਨੂੰ ਕਹਿ ਰਹੇ ਸਨ ਕਿ ਸਾਨੂੰ ਨ ਮਾਰਿਓ।੨੨੧।

ਕਿਤੇ ਡਾਕਣੀਆਂ ਆ ਕੇ 'ਡਹ ਡਹ' ਕਰ ਰਹੀਆਂ ਸਨ ਅਤੇ ਕਿਤੇ 'ਮਸਾਨ' (ਪ੍ਰੇਤ) ਕਿਲਕਾਰੀਆਂ ਮਾਰ ਰਹੇ ਸਨ। ਕਿਤੇ ਭੂਤ, ਪਿਸ਼ਾਚ ਅਤੇ ਬੈਤਾਲ ਨਚ ਰਹੇ ਸਨ ਅਤੇ ਸੂਰਮਿਆਂ ਨੂੰ ਅਪੱਛਰਾਵਾਂ ਵਰ ਰਹੀਆਂ ਸਨ।੨੨੨।

(ਕਿਸੇ ਸੂਰਮੇ ਦੀ) ਇਕ ਅੱਖ ਸੀ ਅਤੇ ਕਿਸੇ ਦੀ ਇਕ ਹੀ ਬਾਂਹ। ਕਿਸੇ ਦਾ ਇਕ ਪੈਰ ਸੀ ਅਤੇ ਅੱਧਾ ਕਵਚ ਸੀ। ਇਸ ਤਰ੍ਹਾਂ ਭਿਆਨਕ ਸੂਰਮੇ ਮਾਰ ਸੁਟੇ, ਮਾਨੋ ਤੇਜ਼ ਹਵਾ ਨੇ ਬ੍ਰਿਛ ਉਖਾੜ ਦਿੱਤੇ ਹੋਣ।੨੨੩।

ਜਿਸ ਵੈਰੀ ਦੇ ਸਿਰ ਉਤੇ ਕਾਲ ਦੀ ਕ੍ਰਿਪਾਨ ਵਜੀ, ਉਨ੍ਹਾਂ ਵਿਚ ਫਿਰ ਜੀਵਨ-ਸ਼ਕਤੀ ('ਜੀਵਕਰਾ' ਜੀਵਨ-ਕਲਾ) ਨ ਰਹੀ। ਜਿਸ ਨੂੰ ਕਾਲ ਦੀ ਤਲਵਾਰ ਛੋਹ ਵੀ ਗਈ, ਉਹ ਛਿਣ ਭਰ ਵਿਚ ਅਧੋ ਅੱਧ ਹੋ ਗਿਆ।੨੨੪।

ਜਿਸ ਦੇ ਸਿਰ ਉਤੇ 'ਸਰਕ' ਕਰਦੀ ਤਲਵਾਰ ਵਜ ਗਈ ਤਾਂ ਉਸ ਦਾ ਸਿਰ ਦੋ ਟੋਟੇ ਹੋ ਕੇ ਰਹਿ ਗਿਆ। ਜਿਸ ਨੂੰ ਕਾਲ ਦਾ ਬਾਣ ਲਗ ਗਿਆ, ਉਸ ਦੇ ਪ੍ਰਾਣ ਨੂੰ ਬਾਣ ਲੈ ਕੇ ਭਜ ਗਿਆ।੨੨੫।

ਦੋਹਾਂ ਪਾਸਿਆਂ ਵਿਚ ਮਾਰੂ ਨਗਾਰੇ ਇਸ ਤਰ੍ਹਾਂ ਵਜ ਰਹੇ ਸਨ ਮਾਨੋ ਪਰਲੋ ਕਾਲ ਵਿਚ ਵਜਣ ਵਾਲਿਆਂ ਵਰਗੇ ਹੋਣ। ਗੋਮੁਖ, ਝਾਂਝਰ, ਤੁਰੀਆਂ, ਢੋਲ, ਮ੍ਰਿਦੰਗ, ਮੁਚੰਗ ਆਦਿ ਹਜ਼ਾਰਾਂ ਦੀ ਗਿਣਤੀ ਵਿਚ (ਵਜ ਰਹੇ) ਸਨ।੨੨੬।

ਇਸ ਤਰ੍ਹਾਂ ਦਾ ਘੋਰ ਯੁੱਧ ਹੋਇਆ, ਜਿਸ ਦਾ ਕੋਈ ਵੀ ਅੰਤ ਨ ਪਾ ਸਕਿਆ। ਦੈਂਤਾਂ ਨੇ ਜਿਤਨੇ ਵੀ ਮਲੇਛ (ਮੁਗਲ) ਪੈਦਾ ਕੀਤੇ ਸਨ, ਮਹਾ ਕਾਲ ਨੇ ਉਨ੍ਹਾਂ ਨੂੰ ਛਿਣ ਵਿਚ ਖਪਾ ਦਿੱਤਾ।੨੨੭।

ਦੈਂਤ ਫਿਰ ਬਹੁਤ ਕ੍ਰੋਧਵਾਨ ਹੋ ਗਏ। ਉਨ੍ਹਾਂ ਨੇ ਹੋਰ ਅਨੰਤ ਦੈਂਤ ਪੈਦਾ ਕਰ ਲਏ। (ਉਨ੍ਹਾਂ ਵਿਚ) ਧੂਲੀ ਕਰਨ, ਕੇਸੀ, ਘੋਰ ਦਾੜ੍ਹ ਅਤੇ ਸ੍ਰੋਨਤ ਲੋਚਨ ਸ਼ਾਮਲ ਦਸੇ ਜਾਂਦੇ ਸਨ।੨੨੮।

ਗਰਧਬ ਕੇਤੁ, ਮਹਿਖ ਧੁਜ, ਅਤੇ ਅਰੁਨ ਨੇਤ੍ਰ ਨਾਂ (ਦੇ ਦੈਂਤ) ਯੁੱਧ ਵਿਚ ਪੈਦਾ ਹੋ ਗਏ। ਉਨ੍ਹਾਂ ਨੂੰ ਰਣ ਵਿਚ ਪੈਦਾ ਹੁੰਦਿਆਂ ਵੇਖ ਕੇ ਮਹਾ ਕਾਲ ('ਅਸਿਧੁਜ') ਨੇ ਦੈਂਤਾਂ ਦੇ ਦਲ ਖਪਾ ਦਿੱਤੇ।੨੨੯।

ਅਸਿਧੁਜ ਨੇ ਬਹੁਤ ਕ੍ਰੋਧ ਕੀਤਾ ਅਤੇ ਦੈਂਤਾਂ ਦੀ ਸੈਨਾ ਨੂੰ ਰਣ ਵਿਚ ਹਰ ਲਿਆ (ਅਰਥਾਤ ਮਾਰ ਮੁਕਾਇਆ)। ਭਾਂਤ ਭਾਂਤ ਦੇ ਸ਼ਸਤ੍ਰ ਮਾਰ ਕੇ ਉਨ੍ਹਾਂ ਸੂਰਮਿਆਂ ਨੂੰ ਟੋਟੇ ਟੋਟੇ ਕਰ ਦਿੱਤਾ।੨੩੦।

ਜਦ ਅਸਿਧੁਜ ਨੇ ਇਸ ਤਰ੍ਹਾਂ (ਦੈਂਤ) ਸੈਨਾ ਮਾਰ ਦਿੱਤੀ ਤਦ ਦੈਂਤ ਮਨ ਵਿਚ ਕੰਬਣ ਲਗ ਗਏ। ਰਣ ਵਿਚ ਬੇਸ਼ੁਮਾਰ ਦੈਂਤ ਹੋਰ ਪ੍ਰਗਟ ਹੋ ਗਏ। ਉਨ੍ਹਾਂ ਦੇ ਨਾਂ (ਹੁਣ ਮੈਂ) ਬਿਨਾ ਸਾਹ ਲਿਆਂ ਕਹਿੰਦਾ ਹਾਂ (ਅਰਥਾਤ ਲਗਾਤਾਰ ਕਹਿੰਦਾ ਹਾਂ)।੨੩੧।

ਗੀਧ ਧੁਜਾ, ਕਾਕ ਧੁਜ ਦੈਂਤ ਅਤੇ ਹੋਰ ਉਲੂ ਕੇਤੁ ਨਾਂ ਦੇ ਵੱਡੇ ਦੈਂਤ ਰਣ ਵਿਚ ਅਸਿਧੁਜ ਦੇ ਸਾਹਮਣੇ ਆ ਕੇ ਡਟੇ ਅਤੇ ਚੌਹਾਂ ਪਾਸੇ 'ਮਾਰੋ ਮਾਰੋ' ਕਹਿਣ ਲਗੇ।੨੩੨।

ਉਨ੍ਹਾਂ ਨੇ ਕ੍ਰੋਧਿਤ ਹੋ ਕੇ ਬਾਣਾਂ ਦੀ (ਇਸ ਤਰ੍ਹਾਂ) ਬਰਖਾ ਕੀਤੀ ਜਿਵੇਂ ਬਦਲ ਵਡਿਆਂ ਪਹਾੜਾਂ ਉਤੇ (ਕਰਦੇ ਹਨ)। (ਅਸਿਧੁਜ ਨੇ) ਕ੍ਰੋਧਿਤ ਹੋ ਕੇ ਸ਼ਸਤ੍ਰਾਂ ਅਸਤ੍ਰਾਂ ਦੇ ਵਾਰ ਕੀਤੇ ਅਤੇ ਝਟ ਪਟ ਭਿਆਨਕ ਯੋਧੇ ਕਟ ਸੁਟੇ।੨੩੩।

ਹੁਅੰ ਸਬਦ ਅਸਿਧੁਜਹਿ ਉਚਾਰਾ। ਤਿਹ ਤੇ ਆਧਿ ਬ੍ਯਾਧਿ ਬਪੁ ਧਾਰਾ।
ਸੀਤ ਜ੍ਵਰ ਅਰ ਉਸਨ ਤਾਪ ਭਨੇ। ਛਈ ਰੋਗ ਅਰੁ ਸੰਨ੍ਯਪਾਤ ਗਨ। ੨੩੪।

ਬਾਇ ਪਿਤ੍ਯ ਕਫ ਉਪਜਤ ਭਏ। ਤਾ ਤੇ ਭੇਦ ਅਮਿਤ ਹ੍ਵੈ ਗਏ।
ਨਾਮ ਤਿਨੈ ਗਨ ਪ੍ਰਗਟ ਸੁਨਾਊ। ਅਯੁਰ ਬੇਦਿਯਨ ਸਭਨ ਰਿਝਾਊ। ੨੩੫।

ਆਮ ਪਾਤ ਅਰ ਸ੍ਰੋਨਤ ਪਾਤ। ਅਰਧ ਸਿਰਾ ਅਰੁ ਹ੍ਰਿਦੈ ਸੰਘਾਤ।
ਪ੍ਰਾਨ ਬਾਇ ਆਪਾਨ ਬਾਇ ਭਨਿ। ਦੰਤ ਰੋਗ ਅਰੁ ਦਾੜ ਪੀੜ ਗਨ। ੨੩੬।

ਸੂਖਾ ਜਰ ਤੇਇਯਾ ਚੌਥਾਯਾ। ਅਸਟ ਦਿਵਸਯੋ ਅਰੁ ਬੀਸਾਯਾ।
ਡੇਢ ਮਾਸਿਯਾ ਪੁਨਿ ਤਪ ਭਯੋ। ਦਾਤ ਕਾਢ ਦੈਤਨ ਪਰ ਧਯੋ। ੨੩੭।

ਫੀਲਪਾਵ ਪੁਨਿ ਜਾਨੂ ਰੋਗਾ। ਉਪਜਾ ਦੇਨ ਦੁਸਟ ਦਲ ਸੋਗਾ।
ਖਈ ਸੁ ਬਾਦੀ ਭਈ ਮਵੇਸੀ। ਪਾਂਡ ਰੋਗ ਪੀਨਸ ਕਟਿ ਦੇਸੀ। ੨੩੮।

ਚਿਨਗਿ ਪ੍ਰਮੇਵ ਭਗਿੰਦ੍ਰ ਦਖੂਤ੍ਰਾ। ਪਥਰੀ ਬਾਇ ਫਿਰੰਗ ਅਧਨੇਤ੍ਰਾ।
ਗਲਤ ਕੁਸਟ ਉਪਜਾ ਦੁਸਟਨ ਤਨ। ਸੇਤ ਕੁਸਟ ਕੇਤਿਨ ਕੇ ਭਯੋ ਭਨ। ੨੩੯।

ਕੇਤੇ ਸਤ੍ਰੁ ਸੂਲ ਹ੍ਵੈ ਮਰੇ। ਕੇਤੇ ਆਂਤ ਰੋਗ ਤੇ ਟਰੇ।
ਸੰਗ੍ਰਹਨੀ ਸੰਗ੍ਰਹ ਦੁਸਟ ਕਿਯ। ਜੀਯਨ ਕੋ ਪੁਨਿ ਨਾਮ ਨ ਤਿਨ ਲਿਯ। ੨੪੦।

ਕੇਤੇ ਉਪਜ ਸੀਤਲਾ ਮਰੇ। ਕੇਤੇ ਅਗਿਨਿ ਬਾਵ ਤੇ ਜਰੇ।
ਭਰਮ ਚਿਤ ਕੇਤੇ ਹ੍ਵੈ ਮਰੇ। ਉਦਰ ਰੋਗ ਕੇਤੇ ਅਰਿ ਟਰੇ। ੨੪੧।

ਜਬ ਅਸਿਧੁਜ ਅਸ ਰੋਗ ਪ੍ਰਕਾਸੇ। ਅਧਿਕ ਸਤ੍ਰੁ ਤਾਪਤ ਹ੍ਵੈ ਤ੍ਰਾਸੇ।
ਜਾ ਕੇ ਤਨ ਗਨ ਦਈ ਦਿਖਾਈ। ਤਿਨੌ ਜੀਯਤ ਕੀ ਆਸ ਚੁਕਾਈ। ੨੪੨।

ਕੇਤਿਕ ਦੁਸਟ ਤਾਪ ਤਨ ਤਪੈ। ਕੇਤਿਕ ਉਦਰ ਰੋਗ ਹ੍ਵੈ ਖਪੈ।
ਕਿਤਕਨ ਆਨਿ ਕਾਪਨੀ ਚਢੀ। ਕੇਤਿਕ ਬਾਇ ਪਿਤ ਤਨ ਬਢੀ। ੨੪੩।

ਉਦਰ ਬਿਕਾਰ ਕਿਤੇ ਮਰਿ ਗਏ। ਤਾਪਤਿ ਕਿਤਕ ਤਾਪ ਤਨ ਭਏ।
ਕਿਤਕਨ ਸੰਨ੍ਯਪਾਤ ਹ੍ਵੈ ਗਯੋ। ਕੇਤਿਨ ਬਾਇ ਪਿਤ ਕਫ ਭਯੋ। ੨੪੪।

ਕੇਤਿਕ ਮਰੇ ਮੂੰਡ ਕੀ ਪੀਰਾ। ਕਿਤਕ ਬਾਇ ਤੇ ਭਏ ਅਧੀਰਾ।
ਕੇਤਿਕ ਛਈ ਰੋਗ ਛੈ ਕਿਯੋ। ਕੇਤਨ ਨਾਸ ਬਾਇ ਤੇ ਥਿਯੋ। ੨੪੫।

ਤਦ ਅਸਿਧੁਜ ਨੇ 'ਹੁਅਂ' ਸ਼ਬਦ ਉਚਾਰਿਆ, ਜਿਸ ਤੋਂ ਆਧਿ-ਵਿਆਧਿ ਰੋਗਾਂ ਨੇ ਜਨਮ ਲਿਆ। ਉਨ੍ਹਾਂ ਦੇ ਨਾਂ ਗਿਣਦਾ ਹਾਂ-- ਸੀਤ ਰੋਗ, ਜ੍ਵਰ ਰੋਗ, ਉਸਨ ਤਾਪ, ਖਈ ਰੋਗ ਅਤੇ ਸੰਨਿ-ਪਾਤ ਰੋਗ।੨੩੪।

ਵਾਈ, ਪਿਤ, ਕਫ ਆਦਿ ਰੋਗ ਪੈਦਾ ਹੋ ਗਏ ਅਤੇ ਉਨ੍ਹਾਂ ਦੇ ਅਗੋਂ ਕਈ ਭੇਦ ਹੋ ਗਏ। (ਮੈਂ) ਹੁਣ ਉਨ੍ਹਾਂ ਦੇ ਨਾਂ ਸਪਸ਼ਟ ਸੁਣਾਉਂਦਾ ਹਾਂ ਅਤੇ ਸਾਰੇ ਅਯੁਰਵੇਦੀਆਂ (ਵੈਦਾਂ) ਨੂੰ ਪ੍ਰਸੰਨ ਕਰਦਾ ਹਾਂ।੨੩੫।

ਇਨ੍ਹਾਂ ਰੋਗਾਂ ਦੇ ਨਾਂ ਗਿਣੋ ਆਮ-ਪਾਤ, ਸ੍ਰੋਨਤ-ਪਾਤ, ਅਰਧ-ਸਿਰਾ (ਪੀੜ), ਹ੍ਰਿਦੈ ਸੰਘਾਤ (ਹਿਰਦੇ ਦਾ ਰੁਕਣਾ), ਪ੍ਰਾਣ ਵਾਯੂ, ਅਪਾਨ ਵਾਯੂ, ਦੰਤ-ਰੋਗ ਅਤੇ ਦਾੜ੍ਹ-ਪੀੜ।੨੩੬।

ਫਿਰ ਸੋਕਾ, ਤੇਈਆ ਜ੍ਵਰ, ਚੌਥਾ, ਅੱਠ ਅਤੇ ਵੀਹ ਦਿਨਾਂ ਵਾਲਾ, ਡੇਢ ਮਹੀਨੇ ਵਾਲਾ ਬੁਖਾਰ ਹੋਏ, ਜੋ ਦੰਦ ਕਢ ਕੇ ਦੈਂਤਾਂ ਉਤੇ ਧਾ ਕੇ ਪਏ।੨੩੭।

ਫਿਰ ਫੀਲਪਾਵ ਅਤੇ ਗੋਡਿਆਂ ਤੇ ਦਰਦ ਵਾਲੇ ਰੋਗ ਨੂੰ ਦੁਸ਼ਟਾਂ ਦੇ ਦਲਾਂ ਨੂੰ ਕਸ਼ਟ ਦੇਣ ਲਈ ਪੈਦਾ ਕੀਤਾ। (ਇਸ ਤੋਂ ਬਾਦ) ਖਈ, ਬਾਦੀ, ਮਵੇਸੀ (ਬਵਾਸੀਰ), ਪਾਂਡ ਰੋਗ (ਪੀਲੀਆ), ਪੀਨਸ (ਪੁਰਾਣਾ ਜ਼ੁਕਾਮ), ਕਟਿ ਦੇਸੀ (ਲਕ ਦੀ ਪੀੜ)।੨੩੮।

ਚਿਨਗ (ਸ਼ਰੀਰ ਵਿਚੋਂ ਚਿਣਗਾਂ ਨਿਕਲਣ ਵਾਲਾ ਰੋਗ), ਪ੍ਰਮੇਹ, ਭਗਿੰਦ੍ਰ, ਦਖੂਤ੍ਰਾ (ਪਿਸ਼ਾਬ ਬੰਦ ਹੋਣ ਅਥਵਾ ਸੜਨ ਦਾ ਰੋਗ), ਪਥਰੀ, ਬਾਇ ਫਿਰੰਗ (ਆਤਸ਼ਕ ਦੀ ਇਕ ਕਿਸਮ), ਅਧਨੇਤ੍ਰਾ (ਅੰਧਰਾਤ੍ਰਾ) ਅਤੇ ਗਲਿਤ ਕੋਹੜ ਨਾਂ ਦੇ ਰੋਗ ਦੁਸ਼ਟਾਂ ਦੇ ਤਨ ਵਿਚ ਪੈਦਾ ਹੋ ਗਏ ਅਤੇ ਕਈਆਂ ਦੇ ਤਨ ਵਿਚ ਸਫ਼ੈਦ ਕੋਹੜ ਹੋ ਗਿਆ।੨੩੯।

ਕਈ ਵੈਰੀ ਸੂਲ ਦੀ ਬੀਮਾਰੀ ਨਾਲ ਮਰ ਗਏ ਅਤੇ ਕਈ ਆਂਦਰਾਂ ਦੇ ਰੋਗ ਨਾਲ ਖ਼ਤਮ ਹੋ ਗਏ। ਕਈਆਂ ਦੁਸ਼ਟਾਂ ਨੂੰ ਸੰਗ੍ਰਹਿਣੀ ਦੀ ਬੀਮਾਰੀ ਲਗ ਗਈ। ਉਨ੍ਹਾਂ ਨੇ ਫਿਰ ਜੀਣ ਦਾ ਨਾਮ ਨ ਲਿਆ।੨੪0।

ਕਈ ਸੀਤਲਾ ਦੀ ਬੀਮਾਰੀ ਪੈਦਾ ਹੋਣ ਨਾਲ ਮਰ ਗਏ ਅਤੇ ਕਈ ਵਾਈ ਅਗਨੀ ਨਾਲ ਸੜ ਮੋਏ। ਕਈ 'ਭਰਮ-ਚਿਤ' (ਰੋਗ) ਨਾਲ ਮਰ ਗਏ ਅਤੇ ਕਈ ਵੈਰੀ ਉਦਰ-ਰੋਗ ਨਾਲ ਟਲ ਗਏ।੨੪੧।

ਜਦ ਅਸਿਧੁਜ ਨੇ ਇਸ ਤਰ੍ਹਾਂ ਦੇ ਰੋਗਾਂ ਨੂੰ ਪ੍ਰਗਟ ਕੀਤਾ ਤਾਂ ਬਹੁਤ ਸਾਰੇ ਵੈਰੀ ਡਰ ਨਾਲ ਦੁਖੀ ਹੋ ਗਏ। ਜਿਸ ਦੇ ਸ਼ਰੀਰ ਉਤੇ ਕਿਸੇ ਰੋਗ ਨੇ ਵਿਖਾਈ ਦਿੱਤੀ, ਉਸ ਨੇ ਜੀਣ ਦੀ ਆਸ ਛਡ ਦਿੱਤੀ।੨੪੨।

ਕਿਤਨੇ ਦੁਸ਼ਟ ਤਾਪ ਨਾਲ ਤਪ ਗਏ (ਅਰਥਾਤ ਮਰ ਗਏ) ਅਤੇ ਕਈ ਉਦਰ ਰੋਗ ਨਾਲ ਖਪ ਗਏ। ਕਿਤਨਿਆਂ ਨੂੰ ਕਾਂਬਾ ਆਣ ਚੜ੍ਹਿਆ ਅਤੇ ਕਈਆਂ ਦੇ ਸ਼ਰੀਰ ਵਿਚ ਵਾਯੂ ਅਤੇ ਪਿਤ ਵਧ ਗਈ।੨੪੩।

ਕਈ ਪੇਟ ਦੇ ਵਿਕਾਰ ਕਰ ਕੇ ਮਰ ਗਏ ਅਤੇ ਕਿਤਨੇ ਤਾਪ ਨਾਲ ਪੀੜਿਤ ਹੋ ਗਏ। ਕਿਤਨਿਆਂ ਨੂੰ ਸੰਨਿਪਾਤ ਰੋਗ ਹੋ ਗਿਆ ਅਤੇ ਕਿਤਨਿਆਂ ਨੂੰ ਵਾਯੂ, ਪਿਤ ਅਤੇ ਕਫ਼ ਦੀਆਂ ਬੀਮਾਰੀਆਂ ਲਗ ਗਈਆਂ।੨੪੪।

ਕਿਤਨੇ ਸਿਰ ਦੀ ਪੀੜ ਨਾਲ ਮਰ ਗਏ ਅਤੇ ਕਈ ਵਾਯੂ ਦੇ ਰੋਗ ਨਾਲ ਅਧੀਰ ਹੋ ਗਏ। ਕਈਆਂ ਨੂੰ ਖਈ ਰੋਗ (ਤਪੇਦਿਕ) ਨੇ ਨਸ਼ਟ ਕਰ ਦਿੱਤਾ ਅਤੇ ਕਈ ਵਾਯੂ (ਰੋਗ) ਨਾਲ ਖ਼ਤਮ ਹੋ ਗਏ।੨੪੫।

ਦਾੜ ਪੀੜ ਕੇਤੇ ਮਰਿ ਗਏ। ਬਾਇ ਭਏ ਬਵਰੇ ਕਈ ਭਏ।
ਜਿਨ ਕੌ ਆਨਿ ਰੋਗ ਤਨ ਗ੍ਰਾਸਾ। ਤਾ ਕਾ ਪ੍ਰਾਨ ਦੇਹ ਤਜਿ ਨਾਸਾ। ੨੪੬।

ਚੌਪਈ

ਕਹਾ ਲਗੇ ਮੈ ਬਰਨ ਸੁਨਾਊ। ਗ੍ਰੰਥ ਬਢਨ ਤੇ ਅਤਿ ਡਰਪਾਊ।
ਇਹ ਬਿਧਿ ਭਯੋ ਦਾਨਵਨ ਨਾਸਾ। ਖੜਗਕੇਤੁ ਅਸੁ ਕਿਯਾ ਤਮਾਸਾ। ੨੪੭।

ਇਹ ਬਿਧਿ ਤਨ ਦਾਨਵ ਜਬ ਮਾਰੇ। ਪੁਨਿ ਅਸਿਧੁਜ ਅਸ ਮੰਤ੍ਰ ਬਿਚਾਰੇ।
ਜੋ ਇਨ ਕੋ ਹ੍ਵੈ ਹੈ ਰਨ ਆਸਾ। ਮੁਝੈ ਦਿਖੈ ਹੈ ਕਵਨ ਤਮਾਸਾ। ੨੪੮।

ਤਿਨ ਕਹ ਦੀਨ ਐਸ ਬਰਦਾਨਾ। ਤੁਮਤੇ ਹੋਹਿ ਅਵਖਧੀ ਨਾਨਾ।
ਜਿਹ ਕੇ ਤਨ ਕੌ ਰੋਗ ਸੰਤਾਵੈ। ਤਾਹਿ ਅਵਖਧੀ ਬੇਗ ਜਿਯਾਵੈ। ੨੪੯।

ਇਹ ਬਿਧਿ ਦਯੋ ਜਬੈ ਬਰਦਾਨਾ। ਮਿਰਤਕ ਹੁਤੇ ਅਸੁਰ ਜੇ ਨਾਨਾ।
ਤਿਨ ਤੇ ਅਧਿਕ ਅਵਖਧੀ ਨਿਕਸੀ। ਅਪਨੇ ਸਕਲ ਗੁਨਨ ਕਹ ਬਿਗਸੀ। ੨੫੦।

ਜਾ ਕੇ ਦੇਹ ਪਿਤ੍ਰਯ ਦੁਖ ਦੇਈ। ਸੋ ਭਖਿ ਜਰੀ ਬਾਤ ਕੀ ਲੇਈ।
ਜਿਹ ਦਾਨਵ ਕੌ ਬਾਇ ਸੰਤਾਵੈ। ਸੋ ਲੈ ਜਰੀ ਪਿਤ੍ਰਯ ਕੀ ਖਾਵੈ। ੨੫੧।

ਜਾ ਕੀ ਦੇਹਿਹ ਕਫ ਦੁਖ ਲ੍ਯਾਵੈ। ਸੋ ਲੈ ਕਫਨਾਸਨੀ ਚਬਾਵੈ।
ਇਹ ਬਿਧਿ ਅਸੁਰ ਭਏ ਬਿਨੁ ਰੋਗਾ। ਮਾਡਤ ਭਏ ਜੁਧ ਤਜਿ ਸੋਗਾ। ੨੫੨।

ਅਗਨਿ ਅਸਤ੍ਰ ਛਾਡਾ ਤਬ ਦਾਨਵ। ਜਾ ਤੇ ਭਏ ਭਸਮ ਬਹੁ ਮਾਨਵ।
ਬਾਰੁਣਾਸਤ੍ਰ ਤਬ ਕਾਲ ਚਲਾਯੋ। ਸਕਲ ਅਗਨਿ ਕੋ ਤੇਜ ਮਿਟਾਯੋ। ੨੫੩।

ਰਾਛਸ ਪਵਨ ਅਸਤ੍ਰ ਸੰਧਾਨਾ। ਜਾ ਤੇ ਉਡਤ ਭਏ ਗਨ ਨਾਨਾ।
ਭੂਧਰਾਸਤ੍ਰ ਤਬ ਕਾਲ ਪ੍ਰਹਾਰਾ। ਸਭ ਸਿਵਕਨ ਕੋ ਪ੍ਰਾਨ ਉਬਾਰਾ। ੨੫੪।

ਮੇਘ ਅਸਤ੍ਰ ਛੋਰਾ ਪੁਨਿ ਦਾਨਵ। ਭੀਜ ਗਏ ਜਿਹ ਤੇ ਸਭ ਮਾਨਵ।
ਬਾਇ ਅਸਤ੍ਰ ਲੈ ਕਾਲ ਚਲਾਯੋ। ਸਭ ਮੇਘਨ ਤਤਕਾਲ ਉਡਾਯੋ। ੨੫੫।

ਰਾਛਸਾਸਤ੍ਰ ਰਾਛਸਹਿ ਚਲਾਯੋ। ਬਹੁ ਅਸੁਰਨ ਤਾ ਤੇ ਉਪਜਾਯੋ।
ਦੇਵਤਾਸਤ੍ਰ ਛੋਰਾ ਤਬ ਕਾਲਾ। ਅਸੁਰ ਸੈਨ ਕੂਟਾ ਦਰਹਾਲਾ। ੨੫੬।

ਜਛ ਅਤਸ੍ਰ ਤਬ ਅਸੁਰ ਚਲਾਯੋ। ਗੰਧ੍ਰਬਾਸਤ੍ਰ ਲੈ ਕਾਲ ਬਗਾਯੋ।
ਤੇ ਦੋਊ ਆਪੁ ਬੀਰ ਲਰਿ ਮਰੇ। ਟੂਕ ਟੂਕ ਹ੍ਵੈ ਭੂ ਪਰ ਪੁਨਿ ਝਰੇ। ੨੫੭।

ਕਈ ਦਾੜ੍ਹ ਦੀ ਪੀੜ ਨਾਲ ਮਰ ਗਏ ਅਤੇ ਕਈ ਵਾਯੂ (ਰੋਗ) ਹੋ ਜਾਣ ਕਾਰਨ ਬੋਲੇ ਹੋ ਗਏ। ਜਿਸ ਦੇ ਸ਼ਰੀਰ ਨੂੰ ਆ ਕੇ ਰੋਗ ਨੇ ਗ੍ਰਸ ਲਿਆ, ਉਸ ਦਾ ਪ੍ਰਾਣ ਸ਼ਰੀਰ ਨੂੰ ਛਡ ਕੇ ਭਜ ਗਿਆ।੨੪੬।

ਚੌਪਈ

ਕਿਥੋਂ ਤਕ ਮੈਂ ਵਰਣਨ ਕਰ ਕੇ ਸੁਣਾਵਾਂ, (ਕਿਉਂਕਿ) ਗ੍ਰੰਥ ਦੇ ਵੱਡਾ ਹੋ ਜਾਣ ਤੋਂ ਡਰਦਾ ਹਾਂ। ਇਸ ਤਰ੍ਹਾਂ ਦੈਂਤਾਂ ਦਾ ਨਾਸ਼ ਹੋ ਗਿਆ। ਖੜਗ ਕੇਤੁ (ਮਹਾ ਕਾਲ) ਨੇ ਇਸ ਤਰ੍ਹਾਂ ਦਾ ਕੌਤਕ ਕੀਤਾ।੨੪੭।

ਜਦ ਇਸ ਤਰ੍ਹਾਂ ਦਾਨਵ ਮਾਰੇ ਗਏ, ਤਾਂ ਅਸਿਧੁਜ (ਮਹਾ ਕਾਲ) ਨੇ ਇਸ ਤਰ੍ਹਾਂ ਵਿਚਾਰ ਕੀਤਾ ਕਿ ਜੇ ਇਨ੍ਹਾਂ ਨੂੰ ਯੁੱਧ ਕਰਨ ਦੀ ਆਸ ਹੋਏਗੀ ਤਾਂ ਹੀ ਮੈਨੂੰ ਕੋਈ ਤਮਾਸ਼ਾ ਵਿਖਾਉਣਗੇ।੨੪੮।

ਤਦ (ਮਹਾ ਕਾਲ ਨੇ) ਉਨ੍ਹਾਂ ਨੂੰ ਇਸ ਤਰ੍ਹਾਂ ਵਰਦਾਨ ਦਿੱਤਾ ਕਿ ਤੁਹਾਡੇ ਤੋਂ ਕਈ ਪ੍ਰਕਾਰ ਦੀਆਂ ਔਸ਼ਧੀਆਂ ਉਤਪੰਨ ਹੋਣਗੀਆਂ। ਜਿਸ ਦੇ ਤਨ ਨੂੰ ਰੋਗ ਸਤਾਏਗਾ, ਉਸ ਨੂੰ ਔਸ਼ਧੀ ਤੁਰਤ ਜੀਵਿਤ ਕਰ ਦੇਵੇਗੀ।੨੪੯।

ਜਦੋਂ (ਮਹਾ ਕਾਲ ਨੇ) ਇਸ ਤਰ੍ਹਾਂ ਦਾ ਵਰਦਾਨ ਦਿੱਤਾ, ਤਾਂ ਮਰ ਚੁਕੇ ਅਨੇਕ ਦੈਂਤਾਂ ਤੋਂ ਹੀ ਬਹੁਤ ਔਸ਼ਧੀਆਂ ਨਿਕਲ ਆਈਆਂ। ਉਹ ਆਪਣੇ ਸਾਰੇ ਗੁਣਕਾਰੀ ਤੱਤਾਂ ਨਾਲ ਵਿਕਸਿਤ (ਭਰਪੂਰ) ਸਨ।੨੫੦।

ਜਿਸ (ਦੈਂਤ) ਦੇ ਸ਼ਰੀਰ ਨੂੰ ਪਿਤ ਦੁਖ ਦਿੰਦੀ ਸੀ, ਉਹ ਵਾਤ ਦੀ ਜੜੀ-ਬੂਟੀ ਖਾ ਲੈਂਦਾ ਸੀ। ਜਿਸ ਦੈਂਤ ਨੂੰ ਵਾਯੂ ਸਤਾਉਂਦੀ ਸੀ, ਉਹ ਪਿਤ (ਵਾਯੂ) ਦੀ ਬੂਟੀ ਖਾ ਲੈਂਦਾ ਸੀ।੨੫੧।

ਜਿਸ ਦੀ ਦੇਹ ਵਿਚ ਕਫ਼ ਦੁਖ ਲਿਆਉਂਦੀ ਸੀ, ਉਹ 'ਕਫਨਾਸਨੀ' ਬੂਟੀ ਚਬਾ ਲੈਂਦਾ ਸੀ। ਇਸ ਤਰ੍ਹਾਂ ਨਾਲ ਦੈਂਤ ਰੋਗਾਂ ਤੋਂ ਮੁਕਤ ਹੋ ਗਏ। (ਉਨ੍ਹਾਂ ਨੇ) ਦੁਖ ਨੂੰ ਤਿਆਗ ਕੇ ਯੁੱਧ ਮਚਾ ਦਿੱਤਾ।੨੫੨।

ਤਦ ਦੈਂਤਾਂ ਨੇ ਅਗਨੀ ਅਸਤ੍ਰ ਛਡਿਆ, ਜਿਸ ਨਾਲ ਬਹੁਤ ਸਾਰੇ ਮਨੁੱਖ ਭਸਮ ਹੋ ਗਏ। ਤਦ ਕਾਲ ਨੇ ਵਰੁਣ ਅਸਤ੍ਰ ਚਲਾਇਆ (ਜਿਸ ਨਾਲ) ਸਾਰੀ ਅੱਗ ਦਾ ਤੇਜ ਮਿਟ ਗਿਆ।੨੫੩।

ਦੈਂਤਾਂ ਨੇ ਪਵਨ ਅਸਤ੍ਰ ਨੂੰ ਸਾਧਿਆ, ਜਿਸ ਤੋਂ ਅਨੇਕਾਂ ਪ੍ਰਾਣੀ ਉਡ ਗਏ। ਤਦ ਕਾਲ ਨੇ ਭੂਧਰ (ਪਰਬਤ) ਅਸਤ੍ਰ ਚਲਾਇਆ ਅਤੇ ਸਾਰਿਆਂ ਸੇਵਕਾਂ ਦੇ ਪ੍ਰਾਣ ਬਚਾ ਲਏ।੨੫੪।

ਫਿਰ ਦਾਨਵਾਂ ਨੇ ਮੇਘ ਅਸਤ੍ਰ ਨੂੰ ਛਡਿਆ ਜਿਸ ਨਾਲ ਸਾਰੇ ਮਨੁੱਖ ਭਿਜ ਗਏ। ਤਦ ਕਾਲ ਨੇ ਵਾਯੂ ਅਸਤ੍ਰ ਚਲਾਇਆ (ਜਿਸ ਨਾਲ) ਸਾਰਿਆਂ ਬਦਲਾਂ ਨੂੰ ਤੁਰਤ ਉਡਾ ਦਿੱਤਾ।੨੫੫।

ਦੈਂਤਾਂ ਨੇ (ਫਿਰ) ਰਾਛਸ (ਰਾਖਸ਼) ਅਸਤ੍ਰ ਚਲਾਇਆ। ਉਸ ਤੋਂ ਬਹੁਤ ਦੈਂਤ ਪੈਦਾ ਕੀਤੇ। ਤਦ ਕਾਲ ਨੇ ਦੇਵਤਾ ਅਸਤ੍ਰ ਛਡਿਆ, (ਜਿਸ ਨਾਲ ਸਾਰੀ) ਦੈਂਤ ਸੈਨਾ ਨੂੰ ਬੁਰੀ ਤਰ੍ਹਾਂ ਮਾਰ ਕੁਟ ਦਿੱਤਾ।੨੫੬।

ਤਦ ਦੈਂਤਾਂ ਨੇ ਜਛ (ਯਕਸ਼) ਅਸਤ੍ਰ ਚਲਾਇਆ, ਤਾਂ ਕਾਲ ਨੇ ਗੰਧਰਬ ਅਸਤ੍ਰ ਵਗਾ ਮਾਰਿਆ। ਉਹ ਦੋਵੇਂ ਵੀਰ (ਅਸਤ੍ਰ) ਆਪਸ ਵਿਚ ਲੜ ਮਰੇ ਅਤੇ ਟੋਟੇ ਟੋਟੇ ਹੋ ਕੇ ਫਿਰ ਧਰਤੀ ਉਤੇ ਡਿਗ ਪਏ।੨੫੭।

ਚਾਰਣਾਸਤ੍ਰ ਜਬ ਅਸੁਰ ਸੰਧਾਨਾ। ਚਾਰਣ ਉਪਜ ਠਾਢ ਭੈ ਨਾਨਾ।
ਸਿਧ ਅਸਤ੍ਰ ਅਸਿ ਧੁਜ ਤਬ ਛੋਰਾ। ਤਾ ਤੇ ਮੁਖ ਸਤ੍ਰਨ ਕੋ ਤੋਰਾ। ੨੫੮।

ਉਰਗ ਅਸਤ੍ਰ ਲੈ ਅਸੁਰ ਪ੍ਰਹਾਰਾ। ਤਾ ਤੇ ਉਪਜੇ ਸਰਪ ਅਪਾਰਾ।
ਖਗਪਤਿ ਅਸਤ੍ਰ ਤਜਾ ਤਬ ਕਾਲਾ। ਭਛਿ ਗਏ ਨਾਗਨ ਦਰਹਾਲਾ। ੨੫੯।

ਬਿਤ੍ਰ ਅਸਤ੍ਰ ਦਾਨਵਹਿ ਚਲਾਯੋ। ਬਹੁ ਬਿਛੂਯਨ ਤਾ ਤੇ ਉਪਜਾਯੋ।
ਲਸਿਟਕਾ ਸਤ੍ਰ ਅਸਿਧੁਜ ਤਬ ਛੋਰਾ। ਸਭ ਹੀ ਡਾਂਕ ਅਠੂਹਨ ਤੋਰਾ। ੨੬੦।

ਸਸਤ੍ਰ ਅਸਤ੍ਰ ਅਸ ਅਸੁਰ ਚਲਾਏ। ਖੜਗ ਕੇਤੁ ਪਰ ਕਛੁ ਨ ਬਸਾਏ।
ਅਸਤ੍ਰਨ ਸਾਥ ਅਸਤ੍ਰ ਬਹੁ ਛਏ। ਜਾ ਕੌ ਲਗੇ ਲੀਨ ਤੇ ਭਏ। ੨੬੧।

ਲੀਨ ਹ੍ਵੈ ਗਏ ਅਸਤ੍ਰ ਨਿਹਾਰੇ। ਹਾਇ ਹਾਇ ਕਰਿ ਅਸੁਰ ਪੁਕਾਰੇ।
ਮਹਾ ਮੂਢ ਫਿਰਿ ਕੋਪ ਬਢਾਈ। ਪੁਨਿ ਅਸਿਧੁਜ ਤਨ ਕਰੀ ਲਰਾਈ। ੨੬੨।

ਇਹ ਬਿਧਿ ਭਯੋ ਘੋਰ ਸੰਗ੍ਰਾਮਾ। ਨਿਰਖਤ ਦੇਵ ਦਾਨਵੀ ਬਾਮਾ।
ਧੰਨ੍ਯ ਧੰਨ੍ਯ ਅਸਿਧੁਜ ਕੌ ਕਹੈ। ਦਾਨਵ ਹੇਰਿ ਮੋਨ ਹ੍ਵੈ ਰਹੈ। ੨੬੩।

ਭੁਜੰਗ ਛੰਦ

ਮਹਾ ਰੋਸ ਕੈ ਕੈ ਹਠੀ ਫੇਰਿ ਗਾਜੇ। ਚਹੂੰ ਓਰ ਤੇ ਘੋਰ ਬਾਦਿਤ੍ਰ ਬਾਜੇ।
ਪ੍ਰਣੋ ਸੰਖ ਭੇਰੀ ਬਜੇ ਢੋਲ ਐਸੇ। ਪ੍ਰਲੈ ਕਾਲ ਕੇ ਕਾਲ ਕੀ ਰਾਤ੍ਰਿ ਜੈਸੇ। ੨੬੪।

ਬਜੇ ਸੰਖ ਔ ਦਾਨਵੀ ਭੇਰ ਐਸੀ। ਕਹੈ ਆਸੁਰੀ ਬ੍ਰਿਤ ਕੀ ਕ੍ਰਿਤ ਜੈਸੀ।
ਕਹੂੰ ਬੀਰ ਬਾਜੰਤ ਬਾਕੇ ਬਜਾਵੈ। ਮਨੋ ਚਿਤ ਕੋ ਕੋਪ ਭਾਖੇ ਸੁਨਾਵੈ। ੨੬੫।

ਕਿਤੇ ਬੀਰ ਬਜ੍ਰਾਨ ਕੇ ਸਾਥ ਪੇਲੇ। ਭਰੇ ਬਸਤ੍ਰ ਲੋਹੂ ਮਨੋ ਫਾਗ ਖੇਲੇ।
ਮੂਏ ਖਾਇ ਕੈ ਦੁਸਟ ਕੇਤੇ ਮਰੂਰੇ। ਸੋਏ ਜਾਨ ਮਾਲੰਗ ਖਾਏ ਧਤੂਰੇ। ੨੬੬।

ਕਿਤੇ ਟੂਕ ਟੂਕੇ ਬਲੀ ਖੇਤ ਹੋਏ। ਮਨੋ ਖਾਇ ਕੈ ਭੰਗ ਮਾਲੰਗ ਸੋਏ।
ਬਿਰਾਜੈ ਕਟੇ ਅੰਗ ਬਸਤ੍ਰੋ ਲਪੇਟੇ। ਜੁਮੇ ਕੇ ਮਨੋ ਰੋਜ ਮੈ ਗੌਂਸ ਲੇਟੇ। ੨੬੭।

ਕਹੂੰ ਡਾਕਨੀ ਝਾਕਨੀ ਹਾਕ ਮਾਰੈ। ਉਠੈ ਨਾਦ ਭਾਰੇ ਛੁਟੈ ਚੀਤਕਾਰੈ।
ਕਹੂੰ ਘੂੰਮਿ ਭੂੰਮੈ ਪਰੇ ਖੇਤ ਬਾਜੀ। ਨਿਵਾਜੇ ਝੁਕੈ ਹੈ ਮਨੌ ਕਾਬਿ ਕਾਜੀ। ੨੬੮।

ਜਦ ਦੈਂਤਾਂ ਨੇ ਚਾਰਣ ਅਸਤ੍ਰ ਛਡਿਆ, (ਤਦ) ਅਨੇਕ ਚਾਰਣ ਪੈਦਾ ਹੋ ਕੇ ਡਟ ਗਏ। ਤਦ ਅਸਿਧੁਜ (ਮਹਾ ਕਾਲ) ਨੇ 'ਸਿਧ' ਅਸਤ੍ਰ ਛਡਿਆ, ਜਿਸ ਨਾਲ ਵੈਰੀਆਂ ਦਾ ਮੂੰਹ ਭੰਨ ਦਿੱਤਾ।੨੫੮।

ਦੈਂਤਾਂ ਨੇ ਉਰਗ ਅਸਤ੍ਰ ਲੈ ਕੇ ਚਲਾਇਆ, ਜਿਸ ਤੋਂ ਬੇਸ਼ੁਮਾਰ ਸੱਪ ਪੈਦਾ ਹੋ ਗਏ। ਤਦ ਕਾਲ ਨੇ ਖਗਪਤਿ (ਗਰੁੜ) ਅਸਤ੍ਰ ਛਡਿਆ, (ਉਸ ਨੇ) ਤੁਰਤ ਸੱਪਾਂ ਨੂੰ ਖਾ ਲਿਆ।੨੫੯।

(ਤਦ) ਦੈਂਤਾਂ ਨੇ ਬਿਛੂ ਅਸਤ੍ਰ ਨੂੰ ਚਲਾਇਆ, ਜਿਸ ਤੋਂ ਬਹੁਤ ਬਿਛੂ ਪੈਦਾ ਹੋ ਗਏ। ਤਦ ਅਸਿਧੁਜ (ਮਹਾ ਕਾਲ) ਨੇ ਲਸ਼ਟਿਕਾ ਅਸਤ੍ਰ ਛਡਿਆ, (ਜਸ ਨਾਲ) ਸਾਰਿਆਂ ਬਿਛੂਆਂ (ਅਠੂਹਿਆਂ) ਦੇ ਡੰਗ ਤੋੜ ਸੁਟੇ।੨੬੦।

ਦੈਂਤਾਂ ਨੇ ਇਸ ਤਰ੍ਹਾਂ ਦੇ ਅਸਤ੍ਰ ਸ਼ਸਤ੍ਰ ਚਲਾਏ, ਪਰ ਖੜਗ ਕੇਤੁ (ਮਹਾ ਕਾਲ) ਉਤੇ (ਉਨ੍ਹਾਂ ਦਾ) ਕੁਝ ਵੀ ਵਸ ਨ ਚਲਿਆ। ਅਸਤ੍ਰਾਂ ਨਾਲ ਬਹੁਤ ਅਸਤ੍ਰ ਆ ਕੇ ਵਜੇ, ਜਿਸ ਨੂੰ ਲਗੇ, ਉਸੇ ਵਿਚ ਲੀਨ ਹੋ ਗਏ।੨੬੧।

(ਜਦ ਦੈਂਤਾਂ ਨੇ) ਲੀਨ ਹੋਏ ਅਸਤ੍ਰਾਂ ਨੂੰ ਵੇਖਿਆ, (ਤਦ) ਦੈਂਤ 'ਹਾਇ ਹਾਇ' ਕਰ ਕੇ ਪੁਕਾਰਨ ਲਗੇ। ਮਹਾ ਮੂਰਖਾਂ ਨੇ ਗੁੱਸੇ ਵਿਚ ਆ ਕੇ ਅਸਿਧੁਜ ਨਾਲ ਫਿਰ ਲੜਾਈ ਸ਼ੁਰੂ ਕਰ ਦਿੱਤੀ।੨੬੨।

ਇਸ ਤਰ੍ਹਾਂ ਬਹੁਤ ਭਿਆਨਕ ਲੜਾਈ ਹੋਈ, ਜਿਸ ਨੂੰ ਦੇਵਤਿਆਂ ਅਤੇ ਦੈਂਤਾਂ ਦੀਆਂ ਇਸਤਰੀਆਂ ਨੇ ਵੇਖਿਆ। ਉਹ ਅਸਿਧੁਜ ਨੂੰ 'ਧੰਨ ਧੰਨ' ਕਹਿਣ ਲਗੀਆਂ ਅਤੇ ਦੈਂਤਾਂ ਨੂੰ ਵੇਖ ਕੇ ਚੁਪ ਹੋ ਰਹੀਆਂ।੨੬੩।

ਭੁਜੰਗ ਛੰਦ

ਬਹੁਤ ਰੋਹ ਵਿਚ ਆ ਕੇ ਹਠੀ ਸੂਰਮੇ ਫਿਰ ਗਜਣ ਲਗ ਗਏ ਅਤੇ ਚੌਹਾਂ ਪਾਸਿਆਂ ਤੋਂ ਭਿਆਨਕ ਵਾਜੇ ਵਜਣ ਲਗੇ। ਪ੍ਰਣੋ (ਛੋਟਾ ਢੋਲ), ਸੰਖ, ਭੇਰੀਆਂ ਅਤੇ ਢੋਲ ਇਸ ਤਰ੍ਹਾਂ ਵਜੇ ਜਿਸ ਤਰ੍ਹਾਂ ਪਰਲੋ ਕਾਲ ਦੀ ਰਾਤ ਵੇਲੇ (ਵਜਣਗੇ)।੨੬੪।

ਦੈਂਤਾਂ ਦੇ ਸੰਖ ਅਤੇ ਭੇਰੀਆਂ ਇਸ ਤਰ੍ਹਾਂ ਵਜ ਰਹੀਆਂ ਸਨ ਜਿਵੇਂ ਉਹ ਦੈਂਤ-ਬਿਰਤੀ ਦੀ ਕਰਨੀ ਦਸ ਰਹੀਆਂ ਹੋਣ। ਕਿਤੇ ਬਾਂਕੇ ਸੂਰਮੇ ਵਾਜੇ ਵਜਾ ਕੇ ਮਾਨੋ ਆਪਣੇ ਚਿਤ ਦੇ ਕ੍ਰੋਧ ਨੂੰ ਬੋਲ ਕੇ ਸੁਣਾ ਰਹੇ ਹੋਣ।੨੬੫।

ਕਿਤਨੇ ਸੂਰਮੇ ਬਜ੍ਰਾਂ (ਬਾਣਾਂ) ਨਾਲ ਪਰੇ ਧਕ ਦਿੱਤੇ ਸਨ। (ਉਨ੍ਹਾਂ ਦੇ) ਲਹੂ ਨਾਲ ਲਿਬੜੇ ਹੋਏ ਬਸਤ੍ਰ ਇੰਜ ਲਗਦੇ ਸਨ ਮਾਨੋ ਹੋਲੀ ਖੇਡੇ ਹੋਣ। ਕਿਤਨੇ ਦੁਸਟ ਮਰੋੜੇ ਖਾ ਕੇ ਮਰ ਗਏ ਸਨ। (ਇੰਜ ਪ੍ਰਤੀਤ ਹੁੰਦਾ ਸੀ ਮਾਨੋ) ਮਲੰਗ ਧਤੂਰਾ ਖਾ ਕੇ ਸੌਂ ਗਏ ਹੋਣ।੨੬੬।

ਕਿਤੇ ਟੋਟੇ ਟੋਟੇ ਹੋਏ ਸੂਰਮੇ ਰਣ-ਖੇਤਰ ਵਿਚ ਪਏ ਸਨ, ਮਾਨੋ ਮਲੰਗ ਭੰਗ ਖਾ ਕੇ ਸੁਤੇ ਪਏ ਹੋਣ। ਉਹ ਕਟੇ ਹੋਏ ਅੰਗਾਂ ਨਾਲ ਬਸਤ੍ਰਾਂ ਵਿਚ (ਇਸ ਤਰ੍ਹਾਂ) ਲਿਪਟੇ ਪਏ ਸਨ, ਮਾਨੋ ਜੁਮੇ (ਸ਼ੁਕਰਵਾਰ) ਵਾਲੇ ਦਿਨ ਦੀ ਨਮਾਜ਼ ਵੇਲੇ ਗੌਂਸ (ਫ਼ਕੀਰ ਵਿਸ਼ੇਸ਼) ਅੰਗ ਖਿਲਾਰ ਕੇ ਲੇਟੇ ਪਏ ਹੋਣ।੨੬੭।

ਕਿਤੇ ਡਾਕਣੀਆਂ ਅਤੇ ਗਿੱਧਾਂ ('ਝਾਕਨੀ') ਹੁੰਕਾਰ ਰਹੀਆਂ ਸਨ। ਕਿਤੇ ਉੱਚੇ ਭਾਰੀ ਨਾਦ ਉਠ ਰਹੇ ਸਨ ਅਤੇ ਕਿਤੇ ਚੀਕ਼ਾਂ ਦੀ ਆਵਾਜ਼ ਹੋ ਰਹੀ ਸੀ। ਕਿਤੇ ਯੁੱਧ-ਭੂਮੀ ਵਿਚ ਘੋੜੇ ਭੁਆਟਣੀਆਂ ਖਾ ਕੇ ਧਰਤੀ ਉਤੇ ਡਿਗ ਰਹੇ ਸਨ। (ਇੰਜ ਲਗਦੇ ਸਨ) ਮਾਨੋ ਨਮਾਜ਼ (ਪੜ੍ਹਨ ਲਈ) ਕਾਬੇ ਵਿਚ ਕਾਜ਼ੀ ਝੁਕੇ ਹੋਣ।੨੬੮।

ਹਠੀ ਬਧਿ ਗੋਪਾ ਗੁਲਿਤ੍ਰਾਣ ਬਾਕੇ। ਚਲੇ ਕੋਪ ਕੈ ਕੈ ਹਠੀਲੇ ਨਿਸਾਕੇ।
ਕਹੂੰ ਚਰਮ ਬਰਮੈ ਗਿਰੇ ਮਰਮ ਛੇਦੇ। ਕਹੂੰ ਮਾਸ ਕੇ ਗਿਧ ਲੈ ਗੇ ਲਬੇਦੇ। ੨੬੯।

ਕਹੂੰ ਬੀਰ ਬਾਜੀ ਬਜੰਤ੍ਰੀ ਝਰੇ ਹੈ। ਕਹੂੰ ਖੰਡ ਖੰਡ ਹ੍ਵੈ ਸਿਪਾਹੀ ਮਰੇ ਹੈ।
ਕਹੂੰ ਮਤ ਦੰਤੀ ਪਰੇ ਹੈ ਪ੍ਰਹਾਰੇ। ਗਿਰੇ ਭੂਮਿ ਪਬੈ ਮਨੋ ਬਦ੍ਰ ਮਾਰੇ। ੨੭੦।

ਸਵੈਯਾ

ਕਾਢਿ ਕ੍ਰਿਪਾਨ ਜਬੈ ਗਰਜਿਯੋ ਲਖਿ ਦੇਵ ਅਦੇਵ ਸਭੇ ਡਰ ਪਾਨੇ।
ਆਨਿ ਪ੍ਰਲੈ ਦਿਨ ਸੋ ਪ੍ਰਗਟ੍ਯੋ ਸਿਤ ਸਾਇਕ ਲੈ ਅਸਿਕੇਤੁ ਰਿਸਾਨੇ।
ਫੂਕ ਭਏ ਮੁਖ ਸੂਖਿ ਗਈ ਬੁਕਿ ਜੋਰਿ ਹਥਿਯਾਰ ਕਰੋਰਿ ਪਰਾਨੇ।
ਮਾਨਹੁ ਸਾਵਨ ਕੇ ਬਦਰਾ ਸੁਨਿ ਮਾਰੁਤਿ ਕੀ ਘਹਰੈ ਭਹਰਾਨੇ। ੨੭੧।

ਡਾਕਿ ਅਚੈ ਕਹੂੰ ਸ੍ਰੋਨ ਡਕਾਡਕ ਪ੍ਰੇਤ ਪਿਸਾਚ ਕਹੂੰ ਕਿਲਕਾਰੈ।
ਬਾਜਤ ਹੈ ਕਹੂੰ ਡੌਰੂ ਡਮਾਡਮ ਭੈਰਵ ਭੂਤ ਕਹੂੰ ਭਭਕਾਰੈ।
ਜੰਗ ਮ੍ਰਿਦੰਗ ਉਪੰਗ ਬਜੈ ਕਹੂੰ ਭੀਖਨ ਸੀ ਰਨ ਭੇਰਿ ਭਕਾਰੈ।
ਆਨਿ ਅਰੈ ਕਹੂੰ ਬੀਰ ਚਟਾਪਟ ਕੋਪਿ ਕਟਾਕਟ ਘਾਇ ਪ੍ਰਹਾਰੈ। ੨੭੨।

ਐਸੀ ਬਿਲੋਕਿ ਕੈ ਮਾਰਿ ਮਚੀ ਭਟ ਕੋਪ ਭਰੇ ਅਰਿ ਓਰ ਚਹੈ।
ਬਰਛੇ ਅਰੁ ਬਾਨ ਕਮਾਨ ਕ੍ਰਿਪਾਨ ਗਦਾ ਬਰਛੀ ਤਿਰਸੂਲ ਗਹੈ।
ਅਰਿ ਪੈ ਅਰਰਾਇ ਕੈ ਘਾਇ ਕਰੈ ਨ ਟਰੈ ਬਹੁ ਤੀਰ ਸਰੀਰ ਸਹੈ।
ਪੁਰਜੇ ਪੁਰਜੇ ਤਨ ਤੇ ਰਨ ਮੈ ਦੁਖ ਤੇ ਤਨ ਮੈ ਮੁਖ ਤੇ ਨ ਕਹੈ। ੨੭੩।

ਅੜਿਲ

ਪੀਸ ਪੀਸ ਕਰਿ ਦਾਤ ਦੁਬਹਿਯਾ ਧਾਵਹੀ।
ਬਜ੍ਰ ਬਾਨ ਬਿਛੂਅਨ ਕੇ ਬਿਸਿਖ ਲਗਾਵਹੀ।
ਟੂਕ ਟੂਕ ਹੈ ਮਰਤ ਨ ਪਗੁ ਪਾਛੇ ਟਰੈ।
ਹੋ ਚਟਪਟ ਆਨਿ ਬਰੰਗਨਿ ਤਿਨ ਪੁਰਖਨ ਬਰੈ। ੨੭੪।

ਚਾਬਿ ਚਾਬਿ ਕਰਿ ਓਠ ਦੁਬਹਿਯਾ ਰਿਸਿ ਭਰੇ।
ਟੂਕ ਟੂਕ ਹ੍ਵੈ ਗਿਰੇ ਨ ਪਗੁ ਪਾਛੇ ਪਰੇ।
ਜੂਝਿ ਜੂਝਿ ਰਨ ਗਿਰਤ ਸੁਭਟ ਸਮੁਹਾਇ ਕੈ।
ਹੋ ਬਸੇ ਸ੍ਵਰਗ ਮੋ ਜਾਇ ਪਰਮ ਸੁਖ ਪਾਇ ਕੈ। ੨੭੫।

ਸਵੈਯਾ

ਕੋਪ ਘਨਾ ਕਰਿ ਕੈ ਅਸੁਰਾਰਦਨ ਕਾਢਿ ਕ੍ਰਿਪਾਨਨ ਕੋ ਰਨ ਧਾਏ।
ਹਾਕਿ ਹਥਿਯਾਰਨ ਲੈ ਉਮਡੇ ਰਨ ਕੌ ਤਜਿ ਕੈ ਪਗੁ ਦ੍ਵੈ ਨ ਪਰਾਏ।

ਹਠੀ ਬਾਂਕੇ ਯੋਧੇ ਉਂਗਲਾਂ ਉਤੇ ਗੋਪੇ ਅਤੇ ਗੁਲਿਤ੍ਰਾਣ (ਲੋਹੇ ਦੇ ਦਸਤਾਨੇ) ਬੰਨ੍ਹ ਕੇ ਅਤੇ ਨਿਡਰ ('ਨਿਸਾਕੇ') ਹਠੀਲੇ ਕ੍ਰੋਧਵਾਨ ਹੋ ਕੇ ਚਲ ਪਏ ਸਨ। ਕਿਤੇ ਢਾਲਾਂ ਅਤੇ ਕਵਚ ਵਿੰਨ੍ਹੇ ਹੋਏ ਡਿਗੇ ਪਏ ਸਨ ਅਤੇ ਕਿਤੇ ਗਿੱਧਾਂ ਮਾਸ ਦੀਆਂ ਬੋਟੀਆਂ ਲੈ ਜਾ ਰਹੀਆਂ ਹਨ।੨੬੯।

ਕਿਤੇ ਸੂਰਮੇ, ਘੋੜੇ, ਨਗਾਰਚੀ ਡਿਗੇ ਪਏ ਸਨ ਅਤੇ ਕਿਤੇ ਟੋਟੇ ਟੋਟੇ ਹੋਏ ਸਿਪਾਹੀ ਮਰੇ ਪਏ ਸਨ। ਕਿਤੇ ਮਸਤ ਹਾਥੀ ਮਾਰੇ ਪਏ ਸਨ। (ਇੰਜ ਦਿਸਦੇ ਸਨ) ਮਾਨੋ (ਇੰਦਰ) ਦੁਆਰਾ ਬਜ੍ਰ ਨਾਲ ਤੋੜੇ ਹੋਏ ਪਹਾੜ ਹੋਣ।੨੭੦।

ਸਵੈਯਾ

ਜਦ (ਮਹਾ ਕਾਲ ਹੱਥ ਵਿਚ) ਕ੍ਰਿਪਾਨ ਲੈ ਕੇ ਗਜਿਆ (ਤਾਂ ਉਸ ਨੂੰ) ਵੇਖ ਕੇ ਦੇਵਤੇ ਅਤੇ ਦੈਂਤ ਸਾਰੇ ਡਰ ਗਏ। ਅਸਿਕੇਤੁ (ਮਹਾ ਕਾਲ) ਲਿਸ਼ਕਦੀ ਹੋਈ ਕਮਾਨ ਲੈ ਕੇ ਗੁੱਸੇ ਨਾਲ ਪਰਲੋ ਵਾਲੇ ਦਿਨ ਵਾਂਗ ਪ੍ਰਗਟ ਹੋ ਗਏ। (ਸਾਰਿਆਂ ਦੇ) ਦੇ ਮੁਖ ਪੀਲੇ ਪੈ ਗਏ (ਫਿਕੇ ਪੈ ਗਏ), ਥੁਕ ਸੁਕ ਗਈ ਅਤੇ ਹਥਿਆਰ ਲੈ ਕੇ ਕਰੋੜਾਂ (ਇਸ ਤਰ੍ਹਾਂ) ਭਜ ਗਏ, ਮਾਨੋ ਸਾਵਣ ਦੇ ਬਦਲ ਹਵਾ ਦੀ ਗੂੰਜ ਸੁਣ ਕੇ ਡਰਦੇ ਹੋਏ (ਉਡ ਗਏ)।੨੭੧।

ਕਿਤੇ ਡਾਕਣੀਆਂ ਡਕਾ ਡਕ ਲਹੂ ਪੀ ਰਹੀਆਂ ਸਨ ਅਤੇ ਕਿਤੇ ਪਿਸਾਚ ਅਤੇ ਪ੍ਰੇਤ ਕਿਲਕਾਰੀਆਂ ਮਾਰ ਰਹੇ ਸਨ। ਕਿਤੇ ਡੌਰੂ ਡਮਾਡਮ ਕਰਦੇ ਵਜ ਰਹੇ ਸਨ ਅਤੇ ਕਿਤੇ ਭੈਰੋ ਅਤੇ ਭੂਤ ਭਭਕਾਂ ਮਾਰ ਰਹੇ ਸਨ। ਕਿਤੇ ਸੰਖ ('ਜੰਗ'), ਮ੍ਰਿਦੰਗ, ਉਪੰਗ ਵਜ ਰਹੇ ਸਨ ਅਤੇ ਕਿਤੇ ਯੁੱਧ ਵਿਚ ਭੇਰੀਆਂ ਵਿਚੋਂ ਭੈਂ ਭੈਂ ਦੀ ਭਿਆਨਕ (ਆਵਾਜ਼ ਆ ਰਹੀ ਸੀ)। ਕਿਤੇ ਸੂਰਮੇ ਝਟਪਟ ਆ ਕੇ ਅੜ ਗਏ ਸਨ ਅਤੇ ਕ੍ਰੋਧ ਨਾਲ ਕਟਾਕਟ ਵਾਰ ਕਰ ਕੇ ਜ਼ਖ਼ਮ ਕਰ ਰਹੇ ਸਨ।੨੭੨।

ਅਜਿਹਾ ਭਿਆਨਕ ਯੁੱਧ ਮਚਿਆ ਵੇਖ ਕੇ ਵੈਰੀ ਪੱਖ ਦੇ ਸੂਰਮੇ ਕ੍ਰੋਧ ਨਾਲ ਭਰੇ ਹੋਏ ਬਰਛੇ, ਬਾਣ, ਕਮਾਨ, ਕ੍ਰਿਪਾਨ, ਗਦਾ, ਬਰਛੀ ਤ੍ਰਿਸ਼ੂਲ ਪਕੜ ਕੇ ਅਰੜਾਂਦੇ ਹੋਏ ਵੈਰੀ ਉਤੇ ਘਾਓ ਕਰਦੇ ਸਨ ਅਤੇ ਬਹੁਤ ਸਾਰੇ ਤੀਰਾਂ ਦੀ ਬੋਛਾੜ ਸਹਿ ਕੇ ਪਿਛੇ ਨਹੀਂ ਹਟਦੇ ਸਨ। (ਉਨ੍ਹਾਂ ਦੇ) ਸ਼ਰੀਰ ਰਣ-ਭੂਮੀ ਵਿਚ ਟੋਟੇ ਟੋਟੇ ਹੋ ਕੇ (ਡਿਗ ਰਹੇ ਸਨ ਪਰ ਆਪਣੇ) ਦੁਖ ਨੂੰ ਮੂੰਹ ਤੋਂ ਪ੍ਰਗਟ ਨਹੀਂ ਕਰਦੇ ਸਨ।੨੭੩।

ਅੜਿਲ

ਦੋਹਾਂ ਬਾਂਹਵਾਂ ਨਾਲ ਹਥਿਆਰ ਚਲਾਉਣ ਵਾਲੇ (ਦੈਂਤ) ਦੰਦ ਪੀਹ ਪੀਹ ਕੇ ਧਾਵਾ ਕਰਦੇ ਸਨ ਅਤੇ ਬਜ੍ਰ ਬਾਣ, ਬਿਛੂਏ, ਤੀਰ ਮਾਰਦੇ ਸਨ। ਟੋਟੇ ਟੋਟੇ ਹੋ ਕੇ ਮਰ ਰਹੇ ਸਨ ਪਰ ਕਦਮ ਪਿਛੇ ਨਹੀਂ ਹਟਾ ਰਹੇ ਸਨ। ਉਨ੍ਹਾਂ ਪੁਰਸ਼ਾਂ ਨੂੰ ਝਟਪਟ ਅਪੱਛਰਾਵਾਂ ਆ ਕੇ ਵਰ ਰਹੀਆਂ ਸਨ।੨੭੪।

ਹੋਠਾਂ ਨੂੰ ਚਬ ਚਬ ਕੇ ਰੋਹ ਨਾਲ ਭਰੇ ਹੋਏ ਦੁਬਹੀਏ (ਯੋਧੇ) ਟੋਟੇ ਟੋਟੇ ਹੋ ਕੇ ਡਿਗਦੇ ਸਨ, ਪਰ (ਉਨ੍ਹਾਂ ਦੇ) ਪੈਰ ਪਿਛੇ ਨਹੀਂ ਪੈਂਦੇ ਸਨ। ਰਣ ਵਿਚ ਸਾਹਮਣੇ ਆ ਕੇ ਯੋਧੇ ਜੂਝ ਜੂਝ ਕੇ ਡਿਗਦੇ ਸਨ ਅਤੇ ਬਹੁਤ ਸੁਖ ਪ੍ਰਾਪਤ ਕਰਦੇ ਹੋਇਆਂ ਸਵਰਗ ਵਿਚ ਜਾ ਵਸਦੇ ਸਨ।੨੭੫।

ਸਵੈਯਾ

ਦੇਵਤਿਆਂ (ਵਿਸ਼ੇਸ਼ ਇਥੇ 'ਦੈਂਤ' ਚਾਹੀਦਾ ਹੈ) ਨੇ ਬਹੁਤ ਕ੍ਰੋਧ ਕਰ ਕੇ ਕ੍ਰਿਪਾਨਾਂ ਕਢ ਲਈਆਂ ਅਤੇ ਰਣ-ਭੂਮੀ ਵਲ ਭਜ ਚਲੇ। ਲਲਕਾਰਾ ਮਾਰ ਕੇ ਅਤੇ ਹਥਿਆਰ ਲੈ ਕੇ ਰਣ

ਮਾਰ ਹੀ ਮਾਰਿ ਪੁਕਾਰਿ ਹਠੀ ਘਨ ਜ੍ਯੋ ਗਰਜੇ ਨ ਕਛੂ ਡਰ ਪਾਏ।
ਮਾਨਹੁ ਸਾਵਨ ਕੀ ਰਿਤੁ ਮੈ ਘਨ ਬੂੰਦਨ ਜ੍ਯੋ ਸਰ ਤ੍ਯੋ ਬਰਖਾਏ। ੨੭੬।

ਧੂਲ ਜਟਾਯੁ ਤੇ ਅਦਿਕ ਸੂਰ ਸਭੈ ਉਮਡੇ ਕਰ ਆਯੁਧ ਲੈ ਕੈ।
ਕੋਪ ਕ੍ਰਿਪਾਨ ਲਏ ਕਰ ਬਾਨ ਮਹਾ ਹਠ ਠਾਨਿ ਬਡੀ ਰਿਸਿ ਕੈ ਕੈ।
ਚੌਪਿ ਚੜੇ ਚਹੂੰ ਓਰਨ ਤੇ ਬਰਿਯਾਰ ਬਡੇ ਦੋਊ ਨੈਨ ਤਚੈ ਕੈ।
ਆਨਿ ਅਰੇ ਖੜਗਾਧੁਜ ਸੌ ਨ ਚਲੇ ਪਗੁ ਦ੍ਵੈ ਬਿਮੁਖਾਹਵ ਹ੍ਵੈ ਕੈ। ੨੭੭।

ਭਾਰੀ ਪ੍ਰਤਾਪ ਭਰੇ ਮਨ ਮੈ ਭਟ ਧਾਇ ਪਰੇ ਬਿਬਿਧਾਯੁਧ ਲੀਨੇ।
ਕੌਚ ਕ੍ਰਿਪਾਨ ਕਸੇ ਸਭ ਸਾਜਨ ਓਠਨ ਚਾਬਿ ਬਡੀ ਰਿਸਿ ਕੀਨੇ।
ਆਛੇ ਕੁਲਾਨ ਬਿਖੈ ਉਪਜੇ ਸਭ ਕੌਨਹੂੰ ਬਾਤ ਬਿਖੈ ਨਹਿ ਹੀਨੇ।
ਜੂਝਿ ਗਿਰੇ ਖੜਗਾਧੁਜ ਸੌ ਲਰਿ ਸ੍ਰੋਨਿਤ ਸੋ ਸਿਗਰੇ ਅੰਗ ਭੀਨੇ। ੨੭੮।

ਚੌਪਈ

ਇਹ ਬਿਧਿ ਕੋਪ ਕਾਲ ਜਬ ਭਰਾ। ਦੁਸਟਨ ਕੋ ਛਿਨ ਮੈ ਬਧੁ ਕਰਾ।
ਆਪੁ ਹਾਥ ਦੈ ਸਾਧ ਉਬਾਰੇ। ਸਤ੍ਰੁ ਅਨੇਕ ਛਿਨਕ ਮੋ ਟਾਰੇ। ੨੭੯।

ਅਸਿਧੁਜ ਜੂ ਕੋਪਾ ਜਬ ਹੀ ਰਨ। ਮਾਰਤ ਭਯੋ ਸਤ੍ਰੁਗਨ ਚੁਨਿ ਚੁਨਿ।
ਸਭ ਸਿਵਕਨ ਕਹ ਲਿਓ ਉਬਾਰਾ। ਦੁਸਟ ਗਠਨ ਕੋ ਕਰਾ ਪ੍ਰਹਾਰਾ। ੨੮੦।

ਇਹ ਬਿਧਿ ਹਨੇ ਦੁਸਟ ਜਬ ਕਾਲਾ। ਗਿਰਿ ਗਿਰਿ ਪਰੇ ਧਰਨਿ ਬਿਕਰਾਲਾ।
ਨਿਜ ਹਾਥਨ ਦੈ ਸੰਤ ਉਬਾਰੇ। ਸਤ੍ਰੁ ਅਨੇਕ ਤਨਿਕ ਮਹਿ ਮਾਰੇ। ੨੮੧।

ਦਾਨਵ ਅਮਿਤ ਕੋਪ ਕਰਿ ਢੂਕੇ। ਮਾਰਹਿ ਮਾਰਿ ਦਸੌ ਦਿਸਿ ਕੂਕੇ।
ਬਹੁਰਿ ਕਾਲ ਕੁਪਿ ਖੜਗ ਸੰਭਾਰਾ। ਸਤ੍ਰੁ ਸੈਨ ਪਲ ਬੀਚ ਪ੍ਰਹਾਰਾ। ੨੮੨।

ਬਹੁਰਿ ਕੋਪ ਕਰਿ ਦੁਸਟ ਅਪਾਰਾ। ਮਹਾ ਕਾਲ ਕੌ ਚਹਤ ਸੰਘਾਰਾ।
ਜਿਮਿ ਗਗਨਹਿ ਕੋਈ ਬਾਨ ਚਲਾਵੈ। ਤਾਹਿ ਨ ਲਗੇ ਤਿਸੀ ਪਰ ਆਵੈ। ੨੮੩।

ਭਾਤਿ ਭਾਤਿ ਬਾਦਿਤ੍ਰ ਬਜਾਇ। ਦਾਨਵ ਨਿਕਟ ਪਹੂਚੇ ਆਇ।
ਮਹਾ ਕਾਲ ਤਬ ਬਿਰਦ ਸੰਭਾਰੋ। ਸੰਤ ਉਬਾਰਿ ਦੋਖਿਯਨ ਮਾਰੋ। ੨੮੪।

ਖੰਡ ਖੰਡ ਕਰਿ ਦਾਨਵ ਮਾਰੇ। ਤਿਲ ਤਿਲ ਪ੍ਰਾਇ ਸਕਲ ਕਰਿ ਡਾਰੇ।
ਪਾਵਕਾਸਤ੍ਰ ਕਲਿ ਬਹੁਰਿ ਚਲਾਯੋ। ਸੈਨ ਅਸੁਰ ਕੋ ਸਗਲ ਗਿਰਾਯੋ। ੨੮੫।

ਵਲ ਉਮਡ ਪਏ ਅਤੇ ਛਡ ਕੇ ਦੋ ਕਦਮ ਵੀ ਪਿਛੇ ਨਹੀਂ ਹਟੇ। ਉਹ ਹਠੀਲੇ ਨਿਡਰ ਹੋ ਕੇ ਮਾਰੋ ਮਾਰੋ ਪੁਕਾਰਦੇ ਸਨ ਜਿਵੇਂ ਬਦਲ ਗਜ ਰਹੇ ਸਨ। (ਇੰਜ ਪ੍ਰਤੀਤ ਹੁੰਦਾ ਸੀ) ਮਾਨੋ ਸਾਵਣ ਦੀ ਰੁਤ ਵਿਚ ਬਦਲਾਂ ਤੋਂ ਬੂੰਦਾਂ ਡਿਗਣ ਵਾਂਗ ਬਾਣਾਂ ਦੀ ਬਰਖਾ ਕਰ ਰਹੇ ਹੋਣ।੨੭੬।

ਧੂਲ, ਜਟਾਯੂ ਆਦਿ ਸਾਰੇ ਸੂਰਮੇ ਹਥਿਆਰ ਲੈ ਕੇ ਉਮਡ ਪਏ। ਉਨ੍ਹਾਂ ਮਹਾਨ ਹਠੀਆਂ ਨੇ ਬਹੁਤ ਗੁੱਸਾ ਵਧਾ ਕੇ ਹੱਥ ਵਿਚ ਬਾਣ ਅਤੇ ਕ੍ਰਿਪਾਨਾਂ ਲੈ ਲਈਆਂ। ਚੌਹਾਂ ਪਾਸਿਆਂ ਤੋਂ ਵੱਡੇ ਯੋਧੇ ਅੱਖਾਂ ਨਾਲ ਘੂਰਦੇ ਹੋਏ ਚਾਓ ਨਾਲ ਚੜ੍ਹ ਪਏ ਅਤੇ ਆ ਕੇ ਖੜਗਧੁਜ (ਮਹਾ ਕਾਲ) ਨਾਲ ਆਣ ਲੜੇ ਅਤੇ ਯੁੱਧ-ਭੂਮੀ ਤੋਂ ਬੇਮੁਖ ਹੋ ਕੇ ਦੋ ਕਦਮ ਵੀ ਨ ਤੁਰੇ (ਅਰਥਾਤ੍ ਪਿਛੇ ਨ ਹਟੇ)।੨੭੭।

ਮਨ ਵਿਚ ਬਹੁਤ ਤੇਜ ਭਰ ਕੇ ਸੂਰਮੇ ਵਖ ਵਖ ਤਰ੍ਹਾਂ ਦੇ ਸ਼ਸਤ੍ਰ ਲੈ ਕੇ ਟੁੱਟ ਕੇ ਪੈ ਗਏ। ਕਵਚ, ਕ੍ਰਿਪਾਨ ਆਦਿ ਸਾਰੇ ਸਾਜ ਸਜਾ ਕੇ ਅਤੇ ਬਹੁਤ ਕ੍ਰੋਧ ਕਰ ਕੇ ਹੋਠਾਂ ਨੂੰ ਚਬਦੇ ਹੋਏ ਚੜ੍ਹ ਪਏ। ਸਾਰੇ ਹੀ ਚੰਗੀਆਂ ਕੁਲਾਂ ਵਿਚ ਉਪਜੇ ਸਨ ਅਤੇ ਕਿਸੇ ਗੱਲ ਵਿਚ ਵੀ ਹੀਣੇ ਨਹੀਂ ਸਨ। ਉਹ ਖੜਗਧੁਜ (ਮਹਾ ਕਾਲ) ਨਾਲ ਲੜ ਕੇ ਡਿਗ ਪਏ ਸਨ ਅਤੇ ਉਨ੍ਹਾਂ ਦੇ ਸਾਰੇ ਅੰਗ ਲਹੂ ਨਾਲ ਭਿਜ ਗਏ ਸਨ।੨੭੮।

ਚੌਪਈ

ਇਸ ਤਰ੍ਹਾਂ ਜਦ ਕਾਲ ਕ੍ਰੋਧ ਨਾਲ ਭਰ ਗਿਆ, (ਤਾਂ ਉਸ ਨੇ) ਛਿਣ ਵਿਚ ਦੁਸ਼ਟਾਂ ਨੂੰ ਮਾਰ ਦਿੱਤਾ। ਉਸ ਨੇ ਆਪਣਾ ਹੱਥ ਦੇ ਕੇ ਸਾਧਾਂ ਨੂੰ ਬਚਾ ਲਿਆ ਅਤੇ ਅਨੇਕਾਂ ਵੈਰੀਆਂ ਨੂੰ ਛਿਣ ਵਿਚ ਮਾਰ ਦਿੱਤਾ।੨੭੯।

ਜਿਸ ਵੇਲੇ ਅਸਿਧੁਜ (ਮਹਾ ਕਾਲ) ਰਣ ਵਿਚ ਕ੍ਰੋਧਿਤ ਹੋਇਆ (ਤਦ) ਉਸ ਨੇ ਵੈਰੀਆਂ ਨੂੰ ਚੁਣ ਚੁਣ ਕੇ ਮਾਰ ਦਿੱਤਾ। ਸਾਰਿਆਂ ਸੇਵਕਾਂ ਨੂੰ ਬਚਾ ਲਿਆ ਅਤੇ ਦੁਸ਼ਟਾਂ ਦੇ ਸਮੂਹ ਉਤੇ ਪ੍ਰਹਾਰ ਕੀਤਾ।੨੮੦।

ਜਦ ਕਾਲ ਨੇ ਇਸ ਤਰ੍ਹਾਂ ਦੁਸ਼ਟ ਮਾਰ ਦਿੱਤੇ, (ਤਦ) ਭਿਆਨਕ (ਦੈਂਤ) ਧਰਤੀ ਉਤੇ ਡਿਗਣ ਲਗ ਪਏ। ਆਪਣੇ ਹੱਥਾਂ ਨਾਲ ਸੰਤਾਂ ਨੂੰ ਉਬਾਰਿਆ ਅਤੇ ਅਨੇਕ ਵੈਰੀਆਂ ਨੂੰ ਛਿਣ ਵਿਚ ਮਾਰ ਮੁਕਾਇਆ।੨੮੧।

ਬੇਸ਼ੁਮਾਰ ਦੈਂਤ ਕ੍ਰੋਧ ਕਰ ਕੇ ਆ ਢੁਕੇ ਅਤੇ ਦਸਾਂ ਦਿਸ਼ਾਵਾਂ ਤੋਂ 'ਮਾਰੋ ਮਾਰੋ' ਕੂਕਣ ਲਗੇ। ਕਾਲ ਨੇ ਕ੍ਰੋਧਵਾਨ ਹੋ ਕੇ ਫਿਰ ਖੜਗ ਸੰਭਾਲ ਲਈ ਅਤੇ ਪਲ ਵਿਚ ਹੀ ਵੈਰੀ ਦੀ ਸੈਨਾ ਉਤੇ ਵਾਰ ਕੀਤਾ।੨੮੨।

ਅਪਾਰ ਦੁਸ਼ਟ ਕ੍ਰੋਧ ਕਰ ਕੇ ਫਿਰ ਮਹਾ ਕਾਲ ਨੂੰ ਮਾਰਨਾ ਚਾਹੁੰਦੇ ਸਨ। ਜਿਵੇਂ ਕੋਈ ਆਕਾਸ਼ ਵਲ ਤੀਰ ਚਲਾਉਂਦਾ ਹੈ, (ਉਹ) ਆਕਾਸ਼ ਨੂੰ ਨਹੀਂ ਲਗਦਾ, ਸਗੋਂ ਉਸ (ਚਲਾਉਣ ਵਾਲੇ) ਨੂੰ ਹੀ ਆ ਲਗਦਾ ਹੈ।੨੮੩।

ਦੈਂਤਾਂ ਨੇ ਭਾਂਤ ਭਾਂਤ ਦੇ ਵਾਜੇ ਵਜਾਏ ਅਤੇ (ਮਹਾ ਕਾਲ ਦੇ) ਨੇੜੇ ਆ ਪਹੁੰਚੇ। ਮਹਾ ਕਾਲ ਨੇ ਤਦ ਆਪਣੇ ਕਰਤੱਵ ਨੂੰ ਸੰਭਾਲਿਆ (ਪਾਲਿਆ) ਅਤੇ ਦੁਸ਼ਟਾਂ ਨੂੰ ਮਾਰ ਕੇ ਸੰਤਾਂ ਨੂੰ ਬਚਾਇਆ।੨੮੪।

(ਉਸ ਨੇ) ਟੋਟੇ ਟੋਟੇ ਕਰ ਕੇ ਦੈਂਤਾਂ ਨੂੰ ਮਾਰ ਦਿੱਤਾ ਅਤੇ ਸਾਰਿਆਂ ਨੂੰ ਤਿਲ ਤਿਲ ਦੇ ਬਰਾਬਰ ('ਪ੍ਰਾਇ') ਕਰ ਦਿੱਤਾ। ਕਲਿ (ਕਾਲ) ਨੇ ਫਿਰ ਅਗਨੀ ਅਸਤ੍ਰ ਚਲਾਇਆ ਅਤੇ ਦੈਂਤਾਂ ਦੀ ਸਾਰੀ ਸੈਨਾ ਨੂੰ ਡਿਗਾ ਦਿੱਤਾ।੨੮੫।

ਬਰੁਣਾਸਤ੍ਰ ਦਾਨਵ ਤਬ ਛੋਰਾ। ਜਾ ਤੇ ਪਾਵਕਾਸਤ੍ਰ ਕਹ ਮੋਰਾ।
ਬਾਸ੍ਵਾਸਤ੍ਰ ਤਬ ਕਾਲ ਚਲਾਯੋ। ਇੰਦ੍ਰ ਪ੍ਰਤੱਛ ਹ੍ਵੈ ਜੁਧ ਮਚਾਯੋ। ੨੮੬।

ਦਾਨਵ ਨਿਰਖਿ ਠਾਢ ਰਨ ਬਾਸਵ। ਪੀਵਤ ਭਯੋ ਕੂਪ ਦ੍ਵੈ ਆਸਵ।
ਕਰਿ ਕੈ ਕੋਪ ਅਤੁਲ ਅਸ ਗਰਜਾ। ਭੂੰਮਿ ਅਕਾਸ ਸਬਦ ਸੁਨਿ ਲਰਜਾ। ੨੮੭।

ਅਮਿਤ ਬਾਸਵਹਿ ਬਾਨ ਪ੍ਰਹਾਰੇ। ਬਰਮ ਚਰਮ ਸਭ ਭੇਦਿ ਪਧਾਰੇ।
ਜਨੁਕ ਨਾਗ ਬਾਂਬੀ ਧਸਿ ਗਏ। ਭੂਤਲ ਭੇਦਿ ਪਤਾਰ ਸਿਧਏ। ੨੮੮।

ਅਮਿਤ ਰੋਸ ਬਾਸਵ ਤਬ ਕਿਯਾ। ਧਨੁਖ ਬਾਨ ਕਰ ਭੀਤਰ ਲਿਯਾ।
ਅਮਿਤ ਕੋਪ ਕਰਿ ਬਿਸਿਖ ਪ੍ਰਹਾਰੇ। ਫੋਰਿ ਦਾਨਵਨ ਪਾਰ ਪਧਾਰੇ। ੨੮੯।

ਦਾਨਵ ਅਧਿਕ ਰੋਸ ਕਰਿ ਧਾਏ। ਦੇਵ ਪੂਜ ਰਨ ਮਾਝ ਭਜਾਏ।
ਭਜਤ ਦੇਵ ਨਿਰਖੇ ਕਲਿ ਜਬ ਹੀ। ਸਸਤ੍ਰ ਅਸਤ੍ਰ ਛੋਰੇ ਰਨ ਤਬ ਹੀ। ੨੯0।

ਬਾਨਨ ਕੀ ਬਰਖਾ ਕਲਿ ਕਰੀ। ਲਾਗਤ ਸੈਨ ਦਾਨਵੀ ਜਰੀ।
ਸਤ੍ਰ ਅਨੇਕ ਨਿਧਨ ਕਹ ਗਏ। ਬਹੁਰਿ ਉਪਜਿ ਬਹੁ ਠਾਢੇ ਭਏ। ੨੯੧।

ਬਹੁਰਿ ਕਾਲ ਕੁਪਿ ਬਾਨ ਪ੍ਰਹਾਰੇ। ਬੇਧਿ ਦਾਨਵਨ ਪਾਰ ਪਧਾਰੇ।
ਦਾਨਵ ਤਬੈ ਅਧਿਕ ਕਰਿ ਕ੍ਰੁਧਾ। ਮੰਡਾ ਮਹਾ ਕਾਲ ਤਨ ਜੁਧਾ। ੨੯੨।

ਮਹਾ ਕਾਲ ਤਬ ਬਾਨ ਪ੍ਰਹਾਰੇ। ਦਾਨਵ ਏਕ ਏਕ ਕਰਿ ਮਾਰੇ।
ਤਿਨ ਤੇ ਬਹੁ ਉਪਜਿਤ ਰਨ ਭਏ। ਮਹਾ ਕਾਲ ਕੇ ਸਾਮੁਹਿ ਸਿਧਏ। ੨੯੩।

ਜੇਤਿਕ ਧਏ ਤਿਤਕ ਕਲਿ ਮਾਰੇ। ਰਥੀ ਗਜੀ ਤਿਲ ਤਿਲ ਕਰਿ ਡਾਰੇ।
ਤਿਨਤੇ ਉਪਜਿ ਠਾਢ ਭੇ ਘਨੇ। ਰਥੀ ਗਜੀ ਬਾਜੀ ਸੁਭ ਬਨੇ। ੨੯੪।

ਬਹੁਰਿ ਕਾਲ ਕਰਿ ਕੋਪ ਪ੍ਰਹਾਰੇ। ਦੈਤ ਅਨਿਕ ਮ੍ਰਿਤੁ ਲੋਕ ਪਧਾਰੇ।
ਮਹਾ ਕਾਲ ਬਹੁਰੌ ਧਨੁ ਧਰਾ। ਸੌ ਸੌ ਬਾਨ ਏਕ ਇਕ ਹਰਾ। ੨੯੫।

ਸੌ ਸੌ ਏਕ ਏਕ ਸਰ ਮਾਰਾ। ਸੌ ਸੌ ਗਿਰੀ ਸ੍ਰੋਨ ਕੀ ਧਾਰਾ।
ਸਤ ਸਤ ਅਸੁਰ ਉਪਜਿ ਭੇ ਠਾਢੇ। ਅਸੀ ਗਜੀ ਕੌਚੀ ਬਲ ਗਾਢੇ। ੨੯੬।

ਰੂਪ ਹਜਾਰ ਹਜਾਰ ਧਾਰਿ ਕਲਿ। ਗਰਜਤ ਭਯੋ ਅਤੁਲ ਕਰਿ ਕੈ ਬਲ।
ਕਹ ਕਹ ਹਸਾ ਕਾਲ ਬਿਕਰਾਲਾ। ਕਾਢੇ ਦਾਤ ਤਜਤ ਮੁਖ ਜ੍ਵਾਲਾ। ੨੯੭।

ਤਦ ਦੈਂਤਾਂ ਨੇ ਵਰੁਣ ਅਸਤ੍ਰ ਛਡਿਆ, ਜਿਸ ਨਾਲ ਅਗਨੀ ਅਸਤ੍ਰ ਨੂੰ ਮੋੜ ਦਿੱਤਾ। ਤਦ ਕਾਲ ਨੇ ਬਾਸਵ ਅਸਤ੍ਰ ਚਲਾਇਆ ਅਤੇ ਇੰਦਰ ਪ੍ਰਤੱਖ ਹੋ ਕੇ ਯੁੱਧ ਮਚਾਣ ਲਗਾ।੨੮੬।

ਰਣ ਵਿਚ ਇੰਦਰ ('ਬਾਸਵ') ਨੂੰ ਖੜੋਤਾ ਵੇਖ ਕੇ ਦੈਂਤ ਸ਼ਰਾਬ ਦੇ ਦੋ ਖੂਹ ਪੀ ਗਿਆ। ਬਹੁਤ ਕ੍ਰੋਧ ਕਰ ਕੇ ਇਸ ਤਰ੍ਹਾਂ ਗਰਜਿਆ, (ਜਿਸ ਦੀ) ਧੁਨੀ ਨੂੰ ਸੁਣ ਕੇ ਭੂਮੀ ਅਤੇ ਆਕਾਸ਼ ਕੰਬਣ ਲਗ ਗਏ।੨੮੭।

(ਉਸ ਨੇ) ਇੰਦਰ ਉਤੇ ਬੇਸ਼ੁਮਾਰ ਬਾਣ ਚਲਾਏ ਜੋ ਢਾਲਾਂ ਅਤੇ ਕਵਚਾਂ ਨੂੰ ਵਿੰਨ੍ਹ ਕੇ ਪਾਰ ਨਿਕਲ ਗਏ। (ਇਸ ਤਰ੍ਹਾਂ ਲਗਦਾ ਸੀ) ਮਾਨੋ ਸੱਪ ਆਪਣੀਆਂ ਖੁਡਾਂ ਵਿਚ ਵੜ ਗਏ ਹੋਣ ਅਤੇ ਭੂਮੀ ਨੂੰ ਪਾੜ ਕੇ ਪਾਤਾਲ ਵਲ ਚਲੇ ਗਏ ਹੋਣ।੨੮੮।

ਤਦ ਇੰਦਰ ਨੇ ਬਹੁਤ ਰੋਸ ਕੀਤਾ ਅਤੇ ਧਨੁਸ਼ ਬਾਣ ਨੂੰ ਹੱਥ ਵਿਚ ਲੈ ਲਿਆ। ਬਹੁਤ ਕ੍ਰੋਧ ਕਰ ਕੇ ਬਾਣ ਚਲਾਏ ਜੋ ਦੈਂਤਾਂ ਨੂੰ ਚੀਰ ਕੇ ਬਾਹਰ ਨਿਕਲ ਗਏ।੨੮੯।

ਦੈਂਤ ਨੇ (ਫਿਰ) ਕ੍ਰੋਧ ਕਰ ਕੇ ਹਮਲਾ ਕੀਤਾ ਅਤੇ ਦੇਵ-ਪੂਜਾ ਕਰਨ ਵਾਲਿਆਂ ਨੂੰ ਰਣ ਵਿਚੋਂ ਭਜਾ ਦਿੱਤਾ। ਜਦ ਕਲਿ (ਮਹਾ ਕਾਲ) ਨੇ ਯੁੱਧ ਵਿਚੋਂ ਦੇਵਤੇ ਭਜਦੇ ਹੋਏ ਵੇਖੇ, ਤਦ (ਸਾਰੇ) ਅਸਤ੍ਰ ਸ਼ਸਤ੍ਰ ਯੁੱਧ ਵਿਚ ਛਡ ਦਿੱਤੇ।੨੯੦।

ਕਲਿ ਨੇ ਬਾਣਾਂ ਦੀ ਬਰਖਾ ਕੀਤੀ ਜਿਨ੍ਹਾਂ ਦੇ ਲਗਦਿਆਂ ਹੀ ਦੈਂਤ ਸੈਨਾ ਸੜ ਗਈ। ਅਨੇਕ ਵੈਰੀਆਂ ਦਾ ਦੇਹਾਂਤ ਹੋ ਗਿਆ। ਪਰ (ਉਨ੍ਹਾਂ ਵਿਚੋਂ) ਫਿਰ (ਹੋਰ ਦੈਂਤ) ਪੈਦਾ ਹੋ ਕੇ ਉਠ ਖੜੋਤੇ।੨੯੧।

ਕਾਲ ਨੇ ਫਿਰ ਕ੍ਰੋਧਿਤ ਹੋ ਕੇ ਬਾਣ ਚਲਾਏ ਜੋ ਦੈਂਤਾਂ ਨੂੰ ਵਿੰਨ੍ਹ ਕੇ ਪਾਰ ਹੋ ਗਏ। ਦੈਂਤਾਂ ਨੇ ਤਦ ਬਹੁਤ ਕ੍ਰੋਧਿਤ ਹੋ ਕੇ ਮਹਾ ਕਾਲ ਨਾਲ ਯੁੱਧ ਸ਼ੁਰੂ ਕਰ ਦਿੱਤਾ।੨੯੨।

ਮਹਾ ਕਾਲ ਨੇ ਤਦ ਤੀਰ ਚਲਾਏ ਅਤੇ ਇਕ ਇਕ ਕਰ ਕੇ ਦੈਂਤਾਂ ਨੂੰ ਮਾਰ ਦਿੱਤਾ। ਉਨ੍ਹਾਂ ਤੋਂ (ਰਣ-ਭੂਮੀ ਵਿਚ ਫਿਰ) ਹੋਰ ਪੈਦਾ ਹੋ ਗਏ ਅਤੇ ਮਹਾ ਕਾਲ ਦੇ ਸਾਹਮਣੇ ਆ ਡੱਟੇ।੨੯੩।

ਜਿਤਨੇ ਵੀ (ਦੈਂਤ) ਧਾ ਕੇ ਆਏ, ਉਤਨੇ ਹੀ ਕਲਿ (ਮਹਾ ਕਾਲ) ਨੇ ਮਾਰ ਦਿੱਤੇ। ਰਥਾਂ ਵਾਲਿਆਂ ਅਤੇ ਹਾਥੀਆਂ ਵਾਲਿਆਂ ਨੂੰ ਤਿਲ ਤਿਲ ਕਰ ਕੇ ਸੁਟ ਦਿੱਤਾ। ਉਨ੍ਹਾਂ ਤੋਂ ਫਿਰ ਅਨੇਕਾਂ ਪੈਦਾ ਹੋ ਕੇ ਡਟ ਗਏ ਅਤੇ ਰਥਾਂ ਵਾਲੇ, ਹਾਥੀਆਂ ਅਤੇ ਘੋੜਿਆਂ ਵਾਲੇ ਬਣ ਕੇ ਸਜ ਗਏ।੨੯੪।

ਫਿਰ ਕਾਲ ਨੇ ਗੁੱਸੇ ਵਿਚ ਆ ਕੇ ਵਾਰ ਕੀਤਾ। (ਫਲਸਰੂਪ) ਅਨੇਕ ਦੈਂਤ ਯਮ ਦੇ ਘਰ ਨੂੰ ਚਲੇ ਗਏ। ਮਹਾ ਕਾਲ ਨੇ ਫਿਰ ਧਨੁਸ਼ (ਬਾਣ) ਫੜ ਲਿਆ ਅਤੇ ਇਕ ਇਕ ਬਾਣ ਨਾਲ ਸੌ ਸੌ ਨੂੰ ਮਾਰ ਦਿੱਤਾ।੨੯੫।

ਸੌ ਸੌ ਨੂੰ ਇਕ ਇਕ ਬਾਣ ਮਾਰਿਆ (ਜਿਨ੍ਹਾਂ ਵਿਚੋਂ) ਲਹੂ ਦੀਆਂ ਸੌ ਸੌ ਤਤੀਰੀਆਂ ਚਲ ਪਈਆਂ। (ਫਿਰ) ਸੌ ਸੌ ਦੈਂਤ ਪੈਦਾ ਹੋ ਕੇ ਡਟ ਗਏ। (ਉਹ) ਤਲਵਾਰਧਾਰੀ, ਹਾਥੀ ਸਵਾਰ, ਕਵਚਧਾਰੀ ਬਲ ਪੂਰਵਕ ਗਡ ਗਏ।੨੯੬।

ਕਲਿ (ਮਹਾ ਕਾਲ) ਹਜ਼ਾਰ ਹਜ਼ਾਰ ਰੂਪ ਧਾਰਨ ਕਰ ਕੇ ਅਪਾਰ ਬਲ ਨਾਲ ਗਰਜਣ ਲਗਿਆ। ਵਿਕਰਾਲ ਕਾਲ 'ਕਹ ਕਹ' ਕਰ ਕੇ ਹਸਿਆ। ਦੰਦ ਕਢ ਕੇ ਮੂੰਹ ਵਿਚੋਂ ਅੱਗ ਉਗਲਣ ਲਗਾ।੨੯੭।

ਏਕ ਏਕ ਰਨ ਬਾਨ ਚਲਾਯੋ। ਸਹਸ ਸਹਸ ਦਾਨਵ ਕਹ ਘਾਯੋ।
ਕੇਤਿਕ ਸੁਭਟ ਦਾੜ ਗਹਿ ਚਾਬੇ। ਕੇਤਿਕ ਸੁਭਟ ਪਾਵ ਤਰ ਦਾਬੇ। ੨੯੮।

ਕੇਤਕ ਪਕਰਿ ਭਛ ਕਰਿ ਲਯੋ। ਤਿਨ ਤੇ ਏਕ ਨ ਉਪਜਤ ਭਯੋ।
ਕਿਤਕਨ ਦ੍ਰਿਸਟਾਕਰਖਨ ਕੀਯੋ। ਸਭਹਿਨ ਕੋ ਸ੍ਰੋਨਿਤ ਹਰਿ ਲੀਯੋ। ੨੯੯।

ਸ੍ਰੋਨ ਰਹਿਤ ਦਾਨਵ ਜਬ ਭਯੋ। ਦੈਤ ਉਪਰਾਜਨ ਤੇ ਰਹਿ ਗਯੋ।
ਸ੍ਰਮਿਤ ਅਧਿਕ ਹ੍ਵੈ ਛਾਡਤ ਸ੍ਵਾਸਾ। ਤਾ ਤੇ ਕਰਤ ਦੈਤ ਪਰਗਾਸਾ। ੩੦੦।

ਪਵਨਾਕਰਖ ਕਰਾ ਤਬ ਕਾਲਾ। ਘਟੇ ਬਢਨ ਤੇ ਅਰਿ ਬਿਕਰਾਲਾ।
ਇਹ ਬਿਧਿ ਜਬ ਆਕਰਖਨ ਕੀਯਾ। ਸਭ ਬਲ ਹਰਿ ਅਸੁਰਨ ਕਾ ਲੀਯਾ। ੩੦੧।

ਮਾਰਿ ਮਾਰਿ ਜੋ ਅਸੁਰ ਪੁਕਾਰਤ। ਤਿਹ ਤੇ ਅਮਿਤ ਦੈਤ ਤਨ ਧਾਰਤ।
ਬਾਚਾਕਰਖ ਕਾਲ ਤਬ ਕਯੋ। ਬੋਲਨ ਤੇ ਦਾਨਵ ਰਹਿ ਗਯੋ। ੩੦੨।

ਦਾਨਵ ਜਬ ਬੋਲਹਿ ਰਹਿ ਗਯੋ। ਚਿੰਤਾ ਕਰਤ ਚਿਤ ਮੋ ਭਯੋ।
ਤਾਹੀ ਤੇ ਦਾਨਵ ਬਹੁ ਭਏ। ਸਨਮੁਖ ਮਹਾ ਕਾਲ ਕੇ ਧਏ। ੩੦੩।

ਸਸਤ੍ਰ ਅਸਤ੍ਰ ਕਰਿ ਕੋਪ ਪ੍ਰਹਾਰੇ। ਮਹਾਬੀਰ ਬਰਿਯਾਰ ਡਰਾਰੇ।
ਮਹਾ ਕਾਲ ਤਬ ਗੁਰਜ ਸੰਭਾਰੀ। ਬਹੁਤਨ ਕੀ ਮੇਧਾ ਕਢਿ ਡਾਰੀ। ੩੦੪।

ਤਿਨ ਕੀ ਭੂਅ ਮੇਜਾ ਜੋ ਪਰੀ। ਤਾ ਤੇ ਸੈਨ ਦੇਹ ਬਹੁ ਧਰੀ।
ਮਾਰਿ ਮਾਰਿ ਕਰਿ ਕੋਪ ਅਪਾਰਾ। ਜਾਗਤ ਭਏ ਅਸੁਰ ਬਿਕਰਾਰਾ। ੩੦੫।

ਤਿਨ ਕੇ ਫੋਰਿ ਮੂੰਡਿ ਕਲਿ ਡਰੇ। ਤਾ ਤੇ ਮੇਧਾ ਜੋ ਭੂਅ ਪਰੇ।
ਮਾਰਿ ਮਾਰਿ ਕਹਿ ਅਸੁਰ ਜਗੇ ਰਨ। ਸੂਰਬੀਰ ਬਰਿਯਾਰ ਮਹਾਮਨ। ੩੦੬।

ਪੁਨਿ ਕਰਿ ਕਾਲ ਗਦਾ ਰਿਸਿ ਧਰੀ। ਸਤ੍ਰੁ ਖੋਪਰੀ ਤਿਲ ਤਿਲ ਕਰੀ।
ਜੇਤੇ ਟੂਕ ਖੋਪ੍ਰਿਯਨ ਪਰੇ। ਤੇਤਿਕ ਰੂਪ ਦਾਨਵਨ ਧਰੇ। ੩੦੭।

ਕੇਤਿਕ ਗਦਾ ਪਾਨ ਗਹਿ ਧਾਏ। ਕੇਤਿਕ ਖੜਗ ਹਾਥ ਲੈ ਆਏ।
ਮਾਰਿ ਮਾਰਿ ਕੈ ਕੋਪਹਿ ਸਰਜੇ। ਮਾਨਹੁ ਮਹਾਕਾਲ ਘਨ ਗਰਜੇ। ੩੦੮।

ਆਨਿ ਕਾਲ ਕਹ ਕਰਤ ਪ੍ਰਹਾਰਾ। ਇਕ ਇਕ ਸੂਰ ਸਹਸ ਹਥਿਯਾਰਾ।
ਮਹਾ ਕਾਲ ਕਹ ਲਗਤ ਨ ਭਏ। ਤਾ ਮਹਿ ਸਭੈ ਲੀਨ ਹ੍ਵੈ ਗਏ। ੩੦੯।

ਸਸਤ੍ਰ ਲੀਨ ਲਖਿ ਅਸੁਰ ਰਿਸਾਨੇ। ਸਸਤ੍ਰ ਅਸਤ੍ਰ ਲੈ ਕੋਪਿ ਸਿਧਾਨੇ।
ਅਮਿਤ ਕੋਪ ਕਰਿ ਸਸਤ੍ਰ ਪ੍ਰਹਾਰਤ। ਮਾਰਿ ਮਾਰਿ ਦਿਸਿ ਦਸੌ ਪੁਕਾਰਤ। ੩੧੦।

(ਉਸ ਨੇ) ਰਣ-ਭੂਮੀ ਵਿਚ ਇਕ ਇਕ ਬਾਣ ਚਲਾਇਆ ਅਤੇ ਹਜ਼ਾਰ ਹਜ਼ਾਰ ਦੈਂਤਾਂ ਨੂੰ ਮਾਰ ਦਿੱਤਾ। ਕਿਤਨਿਆਂ ਸੂਰਮਿਆਂ ਨੂੰ ਪਕੜ ਕੇ ਦਾੜ੍ਹਾਂ ਹੇਠਾਂ ਚਬਾ ਲਿਆ ਅਤੇ ਕਿਤਨਿਆਂ ਸੂਰਮਿਆਂ ਨੂੰ ਪੈਰਾਂ ਹੇਠਾਂ ਦਬ ਦਿੱਤਾ।੨੯੮।

ਕਈਆਂ ਨੂੰ ਪਕੜ ਕੇ ਖਾ ਲਿਆ। ਉਨ੍ਹਾਂ ਤੋਂ ਇਕ ਵੀ ਹੋਰ ਪੈਦਾ ਨ ਹੋ ਸਕਿਆ। ਕਿਤਨਿਆਂ ਨੂੰ ਦ੍ਰਿਸ਼ਟੀ ਨਾਲ ਖਿਚ ਲਿਆ ਅਤੇ ਸਾਰਿਆਂ ਦਾ ਲਹੂ ਖਿਚ ਲਿਆ।੨੯੯।

ਜਦੋਂ ਦੈਂਤ ਲਹੂ-ਰਹਿਤ ਹੋ ਗਏ, (ਤਦ) ਹੋਰ ਦੈਂਤ ਪੈਦਾ ਹੋਣੋ ਰਹਿ ਗਏ। ਬਹੁਤ ਥਕ ਕੇ ਉਹ ਸੁਆਸ ਛਡਦੇ ਸਨ ਜਿਸ ਤੋਂ (ਹੋਰ) ਦੈਂਤ ਪ੍ਰਗਟ ਹੁੰਦੇ ਸਨ।੩੦੦।

ਤਦ ਕਾਲ ਨੇ ਪਵਨ ਨੂੰ (ਆਪਣੇ ਵਲ) ਖਿਚਿਆ, ਜਿਸ ਨਾਲ ਭਿਆਨਕ ਵੈਰੀ ਵਧਣ ਤੋਂ ਘਟ ਗਏ (ਭਾਵ੍ਰ ਰੁਕ ਗਏ)। ਇਸ ਤਰ੍ਹਾਂ ਨਾਲ ਜਦ ਆਕਰਸ਼ਣ ('ਆਕਰਖਨ') ਕੀਤਾ (ਤਦ) ਦੈਂਤਾਂ ਦਾ ਸਾਰਾ ਬਲ ਹਰ ਲਿਆ।੩੦੧।

ਦੈਂਤ ਜੋ 'ਮਾਰੋ ਮਾਰੋ' ਪੁਕਾਰਦੇ ਸਨ, ਉਸ ਤੋਂ ਹੋਰ ਅਨੇਕ ਦੈਂਤ ਸ਼ਰੀਰ ਧਾਰਨ ਕਰਦੇ ਸਨ। ਤਦ ਕਾਲ ਨੇ ਉਨ੍ਹਾਂ ਦੀ ਬਾਣੀ ('ਬਾਚ') ਨੂੰ ਵੀ ਖਿਚ ਲਿਆ, (ਜਿਸ ਕਰ ਕੇ) ਦੈਂਤ ਬੋਲਣੋ ਰਹਿ ਗਏ।੩੦੨।

ਜਦ ਦੈਂਤ ਬੋਲਣੋ ਰਹਿ ਗਏ ਤਾਂ ਮਨ ਵਿਚ ਚਿੰਤਾ ਕਰਨ ਲਗੇ। ਉਸ (ਚਿੰਤਾ) ਤੋਂ ਹੀ ਬਹੁਤ ਦੈਂਤ ਪੈਦਾ ਹੋ ਗਏ ਅਤੇ ਮਹਾ ਕਾਲ ਦੇ ਸਾਹਮਣੇ ਆ ਕੇ ਡਟ ਗਏ।੩੦੩।

ਉਨ੍ਹਾਂ ਨੇ ਅਸਤ੍ਰ ਸ਼ਸਤ੍ਰ ਪਕੜ ਕੇ ਕ੍ਰੋਧ ਨਾਲ ਵਾਰ ਕੀਤੇ (ਜਿਸ ਨਾਲ) ਮਹਾਬੀਰ ਯੋਧੇ ਡਰਾ ਦਿੱਤੇ। ਮਹਾ ਕਾਲ ਨੇ ਤਦ ਗੁਰਜ ਨੂੰ ਸੰਭਾਲਿਆ ਅਤੇ ਬਹੁਤ ਸਾਰੇ (ਦੈਂਤਾਂ ਦੀ) ਮਿਝ ਕਢ ਦਿੱਤੀ।੩੦੪।

ਉਨ੍ਹਾਂ ਦੀ ਜੋ ਮਿਝ ਧਰਤੀ ਉਤੇ ਪਈ, ਉਸ ਤੋਂ ਵੱਡੀ ਸੈਨਾ ਹੋਂਦ ਵਿਚ ਆ ਗਈ। 'ਮਾਰੋ ਮਾਰੋ' ਕਰਦੇ ਬੇਸ਼ੁਮਾਰ ਵਿਕਰਾਲ ਦੈਂਤ ਕ੍ਰੋਧਵਾਨ ਹੋ ਕੇ ਜਾਗ ਪਏ (ਅਰਥਾਤ੍ਰ ਤਿਆਰ ਹੋ ਗਏ)।੩੦੫।

ਕਲਿ (ਮਹਾ ਕਾਲ) ਨੇ ਉਨ੍ਹਾਂ ਦੇ ਸਿਰ ਪਾੜ ਦਿੱਤੇ। ਉਨ੍ਹਾਂ ਦੀ ਜੋ ਮਿਝ ਧਰਤੀ ਉਤੇ ਪਈ, ਉਸ ਤੋਂ 'ਮਾਰੋ ਮਾਰੋ' ਕਰਦੇ ਰਣ ਵਿਚ ਦੈਂਤ ਜਾਗ ਪਏ (ਜੋ) ਬਹੁਤ ਵੱਡੇ ਸੂਰਮੇ ਅਤੇ ਬਹਾਦਰ ਸਨ।੩੦੬।

ਕਾਲ ਨੇ ਫਿਰ ਕ੍ਰੋਧਿਤ ਹੋ ਕੇ ਹੱਥ ਵਿਚ ਗਦਾ ਪਕੜ ਲਈ ਅਤੇ ਵੈਰੀਆਂ ਦੀਆਂ ਖੋਪੜੀਆਂ ਚੂਰ ਚੂਰ ਕਰ ਦਿੱਤੀਆਂ। ਖੋਪੜੀਆਂ ਦੇ ਜਿਤਨੇ ਵੀ ਟੁਕੜੇ ਡਿਗੇ, ਉਤਨੇ ਹੀ ਦੈਂਤਾਂ ਨੇ ਰੂਪ ਧਾਰਨ ਕਰ ਲਏ।੩੦੭।

ਕਿਤਨੇ ਹੀ ਹੱਥਾਂ ਵਿਚ ਗੁਰਜ ਪਕੜ ਕੇ ਆ ਧਸੇ। ਕਿਤਨੇ ਹੱਥ ਵਿਚ ਤਲਵਾਰਾਂ ਲੈ ਕੇ ਆ ਪਹੁੰਚੇ। 'ਮਾਰੋ ਮਾਰੋ' ਕਰਦੇ ਉਹ ਗੁੱਸਾ ਕਢ ਰਹੇ ਸਨ, ਮਾਨੋ ਪਰਲੋ ਕਾਲ (ਮਹਾਕਾਲ) ਦੇ ਬਦਲ ਗਰਜ ਰਹੇ ਹੋਣ।੩੦੮।

ਉਹ ਇਕ ਇਕ ਸੂਰਮਾ ਹਜ਼ਾਰਾਂ ਹਥਿਆਰ ਲੈ ਕੇ ਕਾਲ ਉਤੇ ਹਮਲਾ ਕਰ ਰਿਹਾ ਸੀ। ਪਰ ਮਹਾ ਕਾਲ ਨੂੰ ਕੋਈ ਲਗ ਨਹੀਂ ਰਿਹਾ ਸੀ ਅਤੇ ਸਾਰੇ ਮਹਾ ਕਾਲ ਵਿਚ ਲੀਨ ਹੋ ਗਏ ਸਨ।੩੦੯।

ਸ਼ਸਤ੍ਰਾਂ ਨੂੰ (ਮਹਾ ਕਾਲ ਵਿਚ) ਲੀਨ ਹੁੰਦਾ ਵੇਖ ਕੇ ਦੈਂਤ ਬਹੁਤ ਰੋਹ ਵਿਚ ਆ ਗਏ ਅਤੇ ਅਸਤ੍ਰਾਂ ਸ਼ਸਤ੍ਰਾਂ ਨੂੰ ਲੈ ਕੇ ਗੁੱਸੇ ਵਿਚ ਚਲ ਪਏ। ਬਹੁਤ ਗੁੱਸਾ ਕਰ ਕੇ ਹਥਿਆਰ ਚਲਾਉਂਦੇ ਸਨ ਅਤੇ ਦਸਾਂ ਦਿਸ਼ਾਵਾਂ ਵਿਚ 'ਮਾਰੋ ਮਾਰੋ' ਪੁਕਾਰਦੇ ਸਨ।੩੧੦।

ਮਾਰਿ ਮਾਰਿ ਕੀ ਸੁਨਿ ਧੁਨਿ ਕਾਨਾ। ਕੋਪਾ ਕਾਲ ਸਸਤ੍ਰ ਗਹਿ ਨਾਨਾ।
ਹਾਕਿ ਹਾਕਿ ਹਥਿਯਾਰ ਪ੍ਰਹਾਰੇ। ਦਸਟ ਅਨਿਕ ਪਲ ਬੀਚ ਸੰਘਾਰੇ। ੩੧੧।

ਤਿਨ ਤੇ ਮੇਦ ਮਾਸ ਜੋ ਪਰੋ। ਤਾ ਤੇ ਬਹੁ ਅਸੁਰਨ ਤਨ ਧਰੋ।
ਮਾਰਿ ਮਾਰਿ ਕਹਿ ਸਮੁਹਿ ਸਿਧਾਏ। ਬਾਧੇ ਚੁੰਗ ਚੌਪਿ ਤਨ ਆਏ। ੩੧੨।

ਇਕ ਇਕ ਟੂਕ ਸਹਸ ਕਰਿ ਡਾਰੇ। ਤਿਨ ਤੇ ਭਏ ਅਸੁਰ ਰਨ ਭਾਰੇ।
ਤਿਨ ਕੇ ਟੂਕ ਟੂਕ ਕਰਿ ਲਛਨ। ਗੀਧ ਪਿਸਾਚ ਗਏ ਕਰਿ ਭਛਨ। ੩੧੩।

ਤੇ ਭੀ ਅਮਿਤ ਰੂਪ ਕਰਿ ਧਾਏ। ਜੇ ਤਿਲ ਤਿਲ ਕਰਿ ਸੁਭਟ ਗਿਰਾਏ।
ਤਿਨ ਕੀ ਕਰੀ ਨਾਸ ਸਭ ਸੈਨਾ। ਮਹਾ ਕਾਲ ਕਰ ਰੰਚਕ ਭੈ ਨਾ। ੩੧੪।

ਮਾਰਿ ਮਾਰਿ ਜੋਧਾ ਕਹੂੰ ਗਾਜਹਿ। ਜੰਬੁਕ ਗੀਧ ਮਾਸ ਲੈ ਭਾਜਹਿ।
ਪ੍ਰੇਤ ਪਿਸਾਚ ਕਹੂੰ ਕਿਲਕਾਰਹਿ। ਡਾਕਨਿ ਝਾਕਿ ਕਿਲਕਟੀ ਮਾਰਹਿ। ੩੧੫।

ਕੋਕਿਲ ਕਾਕ ਜਹਾ ਕਿਲਕਾਰਹਿ। ਸ੍ਰੋਨਤ ਕੇ ਕੇਸਰ ਘਸਿ ਡਾਰਹਿ।
ਜਾਨੁਕ ਢੋਲ ਬਡੇ ਡਫ ਸੋਹੈ। ਦੇਵ ਦੈਤ ਦਾਨਵ ਮਨ ਮੋਹੈ। ੩੧੬।

ਬਾਨ ਜਾਨ ਕੁੰਕਮਾ ਪ੍ਰਹਾਰੇ। ਮੂਠਿ ਗੁਲਾਲਨ ਬਰਛਾ ਭਾਰੇ।
ਢਾਲ ਮਨੋ ਡਫਮਾਲਾ ਬਨੀ। ਪਿਚਕਾਰਿਯੈ ਤੁਫੰਗੈ ਘਨੀ। ੩੧੭।

ਇਹ ਬਿਧਿ ਭਯੋ ਘੋਰ ਸੰਗ੍ਰਾਮਾ। ਕਾਪਾ ਇੰਦ੍ਰ ਚੰਦ੍ਰ ਕੋ ਧਾਮਾ।
ਪਸੁ ਪੰਛੀ ਅਤਿ ਹੀ ਅਕੁਲਾਏ। ਛੋਡਿ ਧਾਮ ਕਾਨਨਹਿ ਸਿਧਾਏ। ੩੧੮।

ਬਾਜੀ ਕਹੂੰ ਘਾਇਲ ਭਭਕਾਵਤ। ਉਠਿ ਉਠਿ ਸੁਭਟ ਸਮੂਹ ਕਹ ਧਾਵਤ।
ਕਹਕਹਾਟ ਕਹੂੰ ਕਾਲ ਸੁਨਾਵੈ। ਭੀਖਨ ਸੁਨੇ ਨਾਮ ਭੈ ਆਵੈ। ੩੧੯।

ਸੂਰਨ ਕੇ ਲੋਮਾ ਭੇ ਖਰੇ। ਕਾਤਰ ਨਿਰਖਿ ਧਾਮ ਰਨ ਬਰੇ।
ਸੋਫੀ ਸੂਮ ਭਏ ਬਹੁ ਬ੍ਯਾਕੁਲ। ਦਸੋ ਦਿਸਨ ਭਜਿ ਚਲੇ ਡਰਾਕੁਲ। ੩੨0।

ਕੇਤਿਕ ਸੁਭਟ ਪਾਵ ਤੇ ਰੋਪੈ। ਲੈ ਲੈ ਖੜਗ ਨਗਨ ਕਰਿ ਧੋਪੈ।
ਮਹਾ ਕਾਲ ਕੁਪਿ ਸਸਤ੍ਰ ਪ੍ਰਹਾਰੈ। ਸਾਧ ਉਬਾਰਿ ਦੁਸਟ ਸਭ ਮਾਰੇ। ੩੨੧।

ਭੁਜੰਗ ਛੰਦ

ਮਚੇ ਆਨਿ ਮੈਦਾਨ ਮੈ ਬੀਰ ਭਾਰੇ। ਦਿਖੈ ਕੌਨ ਜੀਤੈ ਦਿਖੈ ਕੌਨ ਹਾਰੇ।
ਲਏ ਸੂਲ ਔ ਸੇਲ ਕਾਤੀ ਕਟਾਰੀ। ਚਹੂੰ ਓਰ ਗਾਜੇ ਹਠੀ ਬੀਰ ਭਾਰੀ। ੩੨੨।

'ਮਾਰੋ ਮਾਰੋ' ਦੀ ਧੁਨੀ ਕੰਨਾਂ ਨਾਲ ਸੁਣ ਕੇ ਕਾਲ ਬਹੁਤ ਤਰ੍ਹਾਂ ਦੇ ਸ਼ਸਤ੍ਰ ਪਕੜ ਕੇ ਕ੍ਰੋਧਿਤ ਹੋਇਆ। (ਉਸ ਨੇ) ਲਲਕਾਰੇ ਮਾਰ ਮਾਰ ਕੇ ਹਥਿਆਰ ਚਲਾਏ ਅਤੇ ਅਨੇਕ ਦੁਸ਼ਟਾਂ ਨੂੰ ਪਲ ਵਿਚ ਖ਼ਤਮ ਕਰ ਦਿੱਤਾ।੩੧੧।

ਉਨ੍ਹਾਂ ਦਾ ਜੋ ਮਾਸ ਅਤੇ ਮਿਝ ਧਰਤੀ ਉਤੇ ਡਿਗੀ, ਉਸ ਤੋਂ ਬਹੁਤ ਸਾਰੇ ਦੈਂਤਾਂ ਨੇ ਸ਼ਰੀਰ ਧਾਰਨ ਕੀਤੇ। 'ਮਾਰੋ ਮਾਰੋ' ਕਰਦੇ ਅਤੇ ਉਮੰਗ ਨਾਲ ਛਾਲਾਂ ਮਾਰਦੇ ਟੋਲੇ ਬਣਾ ਕੇ ਸਾਹਮਣੇ ਆ ਢੁਕੇ।੩੧੨।

(ਮਹਾ ਕਾਲ ਨੇ) ਇਕ ਇਕ ਦੇ ਹਜ਼ਾਰਾਂ ਟੁਕੜੇ ਕਰ ਦਿੱਤੇ ਜਿਨ੍ਹਾਂ ਤੋਂ ਰਣ ਵਿਚ ਭਾਰੀ ਦੈਂਤ ਪੈਦਾ ਹੋ ਗਏ। ਉਨ੍ਹਾਂ ਦੇ ਲੱਖਾਂ ਟੁਕੜੇ ਕਰ ਕਰ ਕੇ ਗਿੱਧਾਂ ਅਤੇ ਪਿਸਾਚ ਖਾ ਗਏ।੩੧੩।

ਜੋ ਸੂਰਮੇ ਤਿਲ ਤਿਲ ਕਰ ਕੇ ਸੁਟ ਦਿੱਤੇ ਸਨ, ਉਹ ਵੀ ਅਮਿਤ ਰੂਪ ਧਾਰ ਕੇ ਚੜ੍ਹ ਪਏ। ਮਹਾ ਕਾਲ ਨੇ ਉਨ੍ਹਾਂ ਦਾ ਜ਼ਰਾ ਜਿੰਨਾ ਵੀ ਡਰ ਨ ਮੰਨ ਕੇ (ਉਨ੍ਹਾਂ ਦੀ) ਸਾਰੀ ਸੈਨਾ ਨਸ਼ਟ ਕਰ ਦਿੱਤੀ।੩੧੪।

ਕਿਤੇ ਯੋਧੇ 'ਮਾਰੋ ਮਾਰੋ' (ਪੁਕਾਰ ਕੇ) ਗਜ ਰਹੇ ਸਨ ਅਤੇ (ਕਿਤੇ) ਗਿਦੜ ਅਤੇ ਗਿੱਧਾਂ ਮਾਸ ਲੈ ਕੇ ਭਜ ਰਹੀਆਂ ਸਨ। ਕਿਤੇ ਪ੍ਰੇਤ ਅਤੇ ਪਿਸ਼ਾਚ ਚੀਖ਼ਾਂ ਮਾਰਦੇ ਸਨ। (ਕਿਤੇ) ਡਾਕਣੀਆਂ ਅਤੇ ਵੱਡੀਆਂ ਇਲਾਂ ('ਝਾਕਿ'-- ਗਿਰਝਾਂ) ਕਿਲਕਾਰੀਆਂ ਮਾਰਦੀਆਂ ਸਨ।੩੧੫।

ਜਿਥੇ ਕੋਇਲਾਂ ਅਤੇ ਕਾਂ ਕਿਲਕਾਰਦੇ ਸਨ, (ਉਥੇ) ਲਹੂ ਦਾ ਕੇਸਰ ਘਿਸਾ ਕੇ ਪਾਇਆ ਜਾ ਰਿਹਾ ਸੀ। ਵੱਡੇ ਢੋਲ ਮਾਨੋ ਡਫਲੀਆਂ ਵਾਗ ਸ਼ੋਭ ਰਹੇ ਹੋਣ ਅਤੇ ਦੇਵਤਿਆਂ ਤੇ ਦੈਂਤਾਂ ਦਾ ਮਨ ਮੋਹ ਰਹੇ ਹੋਣ।੩੧੬।

ਬਾਣ ਮਾਨੋ ਕੇਸਰ ਭਰੇ ਲਾਖ ਦੇ ਗੋਲੇ ਹੋਣ ਅਤੇ ਭਾਰੇ ਬਰਛੇ ਮਾਨੋ ਗੁਲਾਲ ਦੀ ਮੁੱਠੀ ਹੋਣ। ਢਾਲਾਂ ਮਾਨੋ ਡਫਲੀਆਂ ਬਣੀਆਂ ਹੋਣ ਅਤੇ ਬੰਦੂਕਾਂ ਮਾਨੋ ਬਹੁਤ ਸਾਰੀਆਂ ਪਿਚਕਾਰੀਆਂ ਬਣੀਆਂ ਹੋਣ।੩੧੭।

ਇਸ ਤਰ੍ਹਾਂ ਦਾ ਘੋਰ ਯੁੱਧ ਹੋਇਆ। ਇੰਦਰ ਤੇ ਚੰਦ੍ਰ ਦੇ ਲੋਕ ਕੰਬ ਗਏ। ਪਸ਼ੂ ਅਤੇ ਪੰਛੀ ਵੀ ਬਹੁਤ ਵਿਆਕੁਲ ਹੋ ਗਏ। ਘਰਾਂ ਨੂੰ ਛਡ ਕੇ ਜੰਗਲ ਵਲ ਭਜ ਗਏ।੩੧੮।

ਕਿਤੇ ਘਾਇਲ ਘੋੜੇ ਭਭਕ ਰਹੇ ਸਨ, (ਕਿਤੇ) ਸੂਰਮੇ ਉਠ ਉਠ ਕੇ ਸਾਹਮਣੇ ਹੋ ਕੇ ਧਾਵਾ ਕਰ ਰਹੇ ਸਨ। ਕਿਤੇ ਕਾਲ ਦਾ ਡਰਾਉਣਾ ਹਾਸਾ ਸੁਣਾਈ ਦੇ ਰਿਹਾ ਸੀ। (ਉਸ ਦਾ) ਭਿਆਨਕ ਨਾਂ ਸੁਣ ਕੇ ਹੀ ਡਰ ਲਗਦਾ ਸੀ।੩੧੯।

ਸੂਰਮਿਆਂ ਦੇ ਰੋਮ ਖੜੇ ਹੋ ਗਏ। ਡਰਪੋਕ ਵੇਖ ਕੇ ਘਰਾਂ ਵਿਚ ਜਾ ਵੜੇ। ਸੋਫ਼ੀ ਅਤੇ ਸੂਮ ਬਹੁਤ ਵਿਆਕੁਲ ਹੋ ਗਏ। ਡਰਾਕੁਲ ਦਸਾਂ ਦਿਸ਼ਾਵਾਂ ਵਲ ਭਜ ਚਲੇ।੩੨0।

ਕਿਤਨਿਆਂ ਸੂਰਮਿਆਂ ਨੇ ਪੈਰ ਗਡ ਦਿੱਤੇ ਅਤੇ ਹੱਥਾਂ ਵਿਚ ਨੰਗੀਆਂ ਖੜਗਾਂ ਅਤੇ ਸਿਧੀਆਂ ਤਲਵਾਰਾਂ ਲੈ ਕੇ (ਘੁੰਮਾਣ ਲਗੇ)। ਮਹਾ ਕਾਲ ਨੇ ਕ੍ਰੋਧਿਤ ਹੋ ਕੇ ਸ਼ਸਤ੍ਰਾਂ ਦੇ ਵਾਰ ਕੀਤੇ। ਸਾਧਾਂ ਨੂੰ ਬਚਾ ਲਿਆ ਅਤੇ ਸਾਰਿਆਂ ਦੁਸ਼ਟਾਂ ਨੂੰ ਮਾਰ ਦਿੱਤਾ।੩੨੧।

ਭੁਜੰਗ ਛੰਦ

ਯੁੱਧ-ਭੂਮੀ ਵਿਚ ਬਲਵਾਨ ਸੂਰਮੇ ਡਟ ਗਏ। ਵੇਖਦੇ ਹਾਂ, ਕੌਣ ਜਿਤਦਾ ਹੈ ਅਤੇ ਕੌਣ ਹਾਰਦਾ ਹੈ। (ਹੱਥਾਂ ਵਿਚ) ਤ੍ਰਿਸੂਲ, ਬਰਛੇ, ਕਾਤੀਆਂ ਅਤੇ ਕਟਾਰਾਂ ਲੈ ਕੇ ਚੌਹਾਂ ਪਾਸਿਆਂ ਵਿਚ ਹਠੀਲੇ ਸੂਰਮੇ ਗਜਣ ਲਗੇ।੩੨੨।

ਬਜੇ ਘੋਰ ਸੰਗ੍ਰਾਮ ਮੋ ਘੋਰ ਬਾਜੇ। ਚਹੂੰ ਓਰ ਬਾਕੇ ਰਥੀ ਬੀਰ ਗਾਜੇ।
ਲਏ ਸੂਲ ਔ ਸੇਲ ਕਾਤੀ ਕਟਾਰੇ। ਮਚੇ ਕੋਪ ਕੈ ਕੈ ਹਠੀਲੇ ਰਜ੍ਯਾਰੇ। ੩੨੩।

ਕਹੂੰ ਧੂਲਧਾਨੀ ਛੁਟੈ ਫੀਲ ਨਾਲੈ। ਕਹੂੰ ਬਾਜ ਨਾਲੈ ਮਹਾ ਘੋਰ ਜ੍ਵਾਲੈ।
ਕਹੂੰ ਸੰਖ ਭੇਰੀ ਪ੍ਰਣੋ ਢੋਲ ਬਾਜੈ। ਕਹੂੰ ਸੂਰ ਠੋਕੈ ਭੁਜਾ ਭੂਪ ਗਾਜੈ। ੩੨੪।

ਕਹੂੰ ਘੋਰ ਬਾਦਿਤ੍ਰ ਬਾਜੈ ਨਗਾਰੇ। ਕਹੂੰ ਬੀਰ ਬਾਜੀ ਗਿਰੇ ਖੇਤ ਮਾਰੇ।
ਕਹੂੰ ਖੇਤ ਨਾਚੈ ਪਠੇ ਪਖਰਾਰੇ। ਕਹੂੰ ਸੂਰ ਸੰਗ੍ਰਾਮ ਸੋਹੈ ਡਰਾਰੇ। ੩੨੫।

ਕਹੂ ਬਾਜ ਮਾਰੇ ਕਹੂੰ ਝੂਮ ਹਾਥੀ। ਕਹੂੰ ਫੈਟ ਭਾਥੀ ਜੁਝੇ ਬਾਧਿ ਸਾਥੀ।
ਕਹੂੰ ਗਰਜਿ ਠੋਕੈ ਭੁਜਾ ਭੂਪ ਭਾਰੇ। ਬਮੈ ਸ੍ਰੋਨ ਕੇਤੇ ਗਿਰੇ ਖੇਤ ਮਾਰੇ। ੩੨੬।

ਚੌਪਈ

ਇਹ ਬਿਧਿ ਅਸੁਰ ਜਬੈ ਚੁਨਿ ਮਾਰੇ। ਅਮਿਤ ਰੋਸ ਕਰਿ ਔਰ ਸਿਧਾਰੇ।
ਬਾਧੇ ਫੈਟ ਬਿਰਾਜੈ ਭਾਥੀ। ਆਗੇ ਚਲੇ ਅਮਿਤ ਧਰਿ ਹਾਥੀ। ੩੨੭।

ਸਾਥ ਲਏ ਅਨਗਨ ਪਖਰਾਰੇ। ਉਮਡਿ ਚਲੇ ਦੈ ਢੋਲ ਨਗਾਰੇ।
ਸੰਖ ਝਾਂਝ ਅਰੁ ਢੋਲ ਬਜਾਇ। ਚਮਕਿ ਚਲੇ ਚੌਗੁਨ ਕਰਿ ਚਾਇ। ੩੨੮।

ਡਵਰੂ ਕਹੂੰ ਗੁੜਗੁੜੀ ਬਾਜੈ। ਠੋਕਿ ਭੁਜਾ ਰਨ ਮੋ ਭਟ ਗਾਜੈ।
ਮੁਰਜ ਉਪੰਗ ਮੁਰਲਿਯੈ ਘਨੀ। ਭੇਰ ਝਾਂਜ ਬਾਜੈ ਰੁਨਝੁਨੀ। ੩੨੯।

ਕਹੀ ਤੂੰਬਰੇ ਬਜੈ ਅਪਾਰਾ। ਬੇਨ ਬਾਸੁਰੀ ਕਹੂੰ ਹਜਾਰਾ।
ਸੁਤਰੀ ਫੀਲ ਨਗਾਰੇ ਘਨੇ। ਅਮਿਤ ਕਾਨ੍ਹਰੇ ਜਾਤ ਨ ਗਨੇ। ੩੩੦।

ਇਹ ਬਿਧਿ ਭਯੋ ਜਬੈ ਸੰਗ੍ਰਾਮਾ। ਨਿਕਸੀ ਦਿਨ ਦੂਲਹ ਹ੍ਵੈ ਬਾਮਾ।
ਸਿੰਘ ਬਾਹਨੀ ਧੁਜਾ ਬਿਰਾਜੈ। ਜਾਹਿ ਬਿਲੋਕ ਦੈਤ ਦਲ ਭਾਜੈ। ੩੩੧।

ਆਵਤ ਹੀ ਬਹੁ ਅਸੁਰ ਸੰਘਾਰੇ। ਤਿਲ ਤਿਲ ਪ੍ਰਾਇ ਰਥੀ ਕਰਿ ਡਾਰੇ।
ਕਾਟਿ ਦਈ ਕੇਤਿਨ ਕੀ ਧੁਜਾ। ਜੰਘਾ ਪਾਵ ਸੀਸ ਅਰੁ ਭੁਜਾ। ੩੩੨।

ਭਾਤਿ ਭਾਤਿ ਤਨ ਸੁਭਟ ਪ੍ਰਹਾਰੇ। ਟੂਕ ਟੂਕ ਕਰਿ ਪ੍ਰਿਥੀ ਪਛਾਰੇ।
ਕੇਸਨ ਤੇ ਗਹਿ ਕਿਤਨ ਪਛਾਰਾ। ਸਤ੍ਰੁ ਸੈਨ ਤਿਲ ਤਿਲ ਕਰਿ ਡਾਰਾ। ੩੩੩।

ਉਸ ਭਿਆਨਕ ਯੁੱਧ ਵਿਚ ਘੋਰ ਵਾਜੇ ਵਜਣ ਲਗੇ। ਚੌਹਾਂ ਪਾਸੇ ਰਥਾਂ ਵਾਲੇ ਬਾਂਕੇ ਸੂਰਮੇ ਗਜਣ ਲਗੇ। (ਉਨ੍ਹਾਂ ਨੇ ਹੱਥ ਵਿਚ) ਤ੍ਰਿਸ਼ੂਲ, ਬਰਛੇ, ਕਾਤੀਆਂ ਅਤੇ ਕਟਾਰਾਂ ਲਈਆਂ ਹੋਈਆਂ ਸਨ। ਹਠੀਲੇ ਰਜਵਾੜੇ ਕ੍ਰੋਧਿਤ ਹੋ ਕੇ ਜੰਗ ਮਚਾ ਰਹੇ ਸਨ।੩੨੩।

ਕਿਤੇ ਲੰਮੀਆਂ ਬੰਦੂਕਾਂ ਅਤੇ ਹਾਥੀਆਂ ਨਾਲ ਖਿਚੀਆਂ ਜਾਣ ਵਾਲੀਆਂ ਤੋਪਾਂ ਚਲ ਰਹੀਆਂ ਸਨ ਅਤੇ ਕਿਤੇ ਘੋੜਿਆਂ ਦੁਆਰਾ ਖਿਚੀਆਂ ਜਾਣ ਵਾਲੀ ਤੋਪਾਂ ਅਗਨੀ ਉਗਲ ਰਹੀਆਂ ਸਨ। ਕਿਤੇ ਸੰਖ, ਭੇਰੀਆਂ, ਪ੍ਰਣੋ (ਛੋਟੇ ਢੋਲ) ਅਤੇ ਢੋਲ ਵਜ ਰਹੇ ਸਨ। ਕਿਤੇ ਸੂਰਮੇ ਡੌਲਿਆਂ ਉਤੇ ਹੱਥ ਮਾਰ ਰਹੇ ਸਨ ਅਤੇ (ਕਿਤੇ) ਰਾਜੇ ਗਜ ਰਹੇ ਸਨ।੩੨੪।

ਕਿਤੇ ਘੋਰ ਵਾਜੇ ਅਤੇ ਨਗਾਰੇ ਵਜ ਰਹੇ ਸਨ। ਕਿਤੇ ਮਾਰੇ ਹੋਏ ਸੂਰਮੇ ਅਤੇ ਘੋੜੇ ਯੁੱਧ-ਭੂਮੀ ਵਿਚ ਡਿਗੇ ਪਏ ਸਨ। ਕਿਤੇ ਯੁੱਧ-ਖੇਤਰ ਵਿਚ ਜਵਾਨ ਘੋੜ-ਸਵਾਰ ਨਚ ਰਹੇ ਸਨ ਅਤੇ ਕਿਤੇ ਭਿਆਨਕ ਸੂਰਮੇ ਯੁੱਧ-ਸਥਲ ਵਿਚ ਸ਼ੋਭ ਰਹੇ ਸਨ।੩੨੫।

ਕਿਤੇ ਘੋੜੇ ਮਰੇ ਪਏ ਸਨ ਅਤੇ ਕਿਤੇ ਹਾਥੀ ਘੁੰਮੇਰੀ ਖਾ ਕੇ (ਡਿਗੇ ਪਏ ਸਨ)। ਕਿਤੇ ਲਕ ਨਾਲ ਬੰਨ੍ਹੇ ਹੋਏ ਭਥਿਆਂ ਵਾਲੇ ਸੂਰਮੇ ਮਰੇ ਪਏ ਸਨ। ਕਿਤੇ ਭਾਰੀ ਭੂਪ ਆਪਣੀਆਂ ਭੁਜਾਵਾਂ ਨੂੰ ਠੋਕ ਕੇ ਗਰਜ ਰਹੇ ਸਨ। ਕਈ ਸੂਰਮੇ ਯੁੱਧ-ਖੇਤਰ ਵਿਚ ਮਰੇ ਪਏ ਸਨ ਅਤੇ (ਉਨ੍ਹਾਂ ਦੇ ਜ਼ਖ਼ਮਾਂ ਵਿਚੋਂ) ਲਹੂ ਨਿਕਲ ਰਿਹਾ ਸੀ।੩੨੬।

ਚੌਪਈ

ਇਸ ਤਰ੍ਹਾਂ ਜਦੋਂ ਦੈਂਤਾਂ ਨੂੰ ਚੁਣ ਚੁਣ ਕੇ ਮਾਰ ਦਿੱਤਾ ਗਿਆ, (ਤਦੋਂ) ਬਹੁਤ ਕ੍ਰੋਧਵਾਨ ਹੋ ਕੇ ਹੋਰ ਆ ਗਏ। ਉਹ ਲਕ ਨਾਲ ਭੱਥਾ ਬੰਨ੍ਹ ਕੇ ਸ਼ੋਭ ਰਹੇ ਸਨ। ਬੇਸ਼ੁਮਾਰ ਯੋਧੇ ਹਾਥੀਆਂ ਨੂੰ ਅਗੇ ਕਰ ਕੇ ਚਲ ਰਹੇ ਸਨ।੩੨੭।

(ਉਨ੍ਹਾਂ ਨੇ) ਆਪਣੇ ਨਾਲ ਬਹੁਤ ਸਾਰੇ ਘੋੜ-ਸਵਾਰ ਲਏ ਹੋਏ ਸਨ। (ਉਹ) ਢੋਲ ਅਤੇ ਨਗਾਰੇ ਵਜਾਉਂਦੇ ਹੋਏ ਉਮਡ ਕੇ ਚਲ ਪਏ ਸਨ। ਉਹ ਸੰਖ, ਝਾਂਝ ਅਤੇ ਢੋਲ ਵਜਾਉਂਦੇ ਹੋਏ ਚੌਗੁਣੇ ਉਤਸਾਹ ਨਾਲ ਚਲ ਪਏ ਸਨ।੩੨੮।

ਕਿਤੇ ਡੌਰੂ ਅਤੇ ਕਿਤੇ ਡੁਗਡੁਗੀ ਵਜ ਰਹੀ ਸੀ। ਯੋਧੇ ਭੁਜਾਵਾਂ ਨੂੰ ਠੋਕ ਕੇ ਰਣ ਵਿਚ ਗਜ ਰਹੇ ਸਨ। ਕਿਤੇ ਬਹੁਤ ਮੁਰਜ, ਉਪੰਗ ਅਤੇ ਮੁਰਲੀਆਂ (ਵਜ ਰਹੀਆਂ ਸਨ)। (ਕਿਤੇ) ਭੇਰੀਆਂ ਤੇ ਝਾਂਝਾਂ ਨੇ ਰੁਣਝੁਣ ਲਗਾਈ ਹੋਈ ਸੀ।੩੨੯।

ਕਿਤੇ ਬੇਅੰਤ ਤੰਬੂਰੇ ਵਜ ਰਹੇ ਸਨ, (ਕਿਤੇ) ਹਜ਼ਾਰਾਂ ਬੀਨਾਂ ਅਤੇ ਬੰਸਰੀਆਂ ਵਜ ਰਹੀਆਂ ਸਨ। ਊਠਾਂ ('ਸੁਤਰੀ') ਅਤੇ ਹਾਥੀਆਂ ('ਫੀਲ') ਉਤੇ ਬੰਨ੍ਹੇ ਹੋਏ ਬੇਅੰਤ ਨਗਾਰੇ ਅਤੇ ਅਮਿਤ ਕਾਨ੍ਹਰੇ (ਵਿਸ਼ੇਸ਼ ਵਾਜੇ) (ਇਤਨੇ ਅਧਿਕ ਸਨ ਕਿ) ਗਿਣੇ ਨਹੀਂ ਜਾ ਸਕਦੇ ਸਨ।੩੩੦।

ਜਦੋਂ ਇਸ ਤਰ੍ਹਾਂ ਨਾਲ ਯੁੱਧ ਹੋ ਰਿਹਾ ਸੀ, (ਤਦੋਂ ਇਕ) ਦਿਨ ਦੂਲਹ (ਦੇਈ) ਨਾਂ ਦੀ ਇਸਤਰੀ ਪ੍ਰਗਟ ਹੋਈ। (ਉਹ) ਸ਼ੇਰ ਉਤੇ ਸਵਾਰ ਸੀ ਅਤੇ (ਉਸ ਦੀ) ਧੁਜਾ ਸ਼ੋਭ ਰਹੀ ਸੀ, ਜਿਸ ਨੂੰ ਵੇਖ ਕੇ ਦੈਂਤ ਦਲ ਭਜ ਰਹੇ ਸਨ।੩੩੧।

(ਉਸ ਨੇ) ਆਉਂਦਿਆਂ ਹੀ ਬਹੁਤ ਸਾਰੇ ਦੈਂਤ ਮਾਰ ਦਿੱਤੇ ਅਤੇ ਰਥਾਂ ਵਾਲਿਆਂ ਨੂੰ ਤਿਲ ਤਿਲ ਦੇ ਬਰਾਬਰ ('ਪ੍ਰਾਇ') ਕਰ ਸੁਟਿਆ। ਕਿਤਨਿਆਂ ਦੀਆਂ ਧੁਜਾਵਾਂ ਕਟ ਦਿੱਤੀਆਂ ਅਤੇ (ਕਈਆਂ ਦੀਆਂ) ਜੰਘਾਂ, ਪੈਰ, ਸਿਰ ਅਤੇ ਭੁਜਾਵਾਂ (ਕਟ ਸੁਟੀਆਂ)।੩੩੨।

ਭਾਂਤ ਭਾਂਤ ਦੇ ਸੂਰਮਿਆਂ ਉਤੇ ਵਾਰ ਕੀਤੇ ਅਤੇ ਟੋਟੇ ਟੋਟੇ ਕਰ ਕੇ ਧਰਤੀ ਉਤੇ ਸੁਟ ਦਿੱਤੇ। ਕਿਤਨਿਆਂ ਨੂੰ ਕੇਸਾਂ ਤੋਂ ਪਕੜ ਕੇ ਪਛਾੜ ਸੁਟਿਆ ਅਤੇ ਵੈਰੀ ਦੀ ਸੈਨਾ ਨੂੰ ਤਿਲ ਤਿਲ ਜਿੰਨਾ ਕਰ ਦਿੱਤਾ।੩੩੩।

ਝਮਕਤ ਕਹੀ ਅਸਿਨ ਕੀ ਧਾਰਾ। ਭਭਕਤ ਰੁੰਡ ਮੁੰਡ ਬਿਕਰਾਰਾ।
ਕੇਤਿਕ ਗਰਜਿ ਸਸਤ੍ਰ ਕਟਿ ਸਜਹੀ। ਅਸਤ੍ਰ ਛੋਰਿ ਕੇਤੇ ਭਟ ਭਜਹੀ। ੩੩੪।

ਮਾਰੇ ਪਰੇ ਪ੍ਰਿਥੀ ਪਰ ਕੇਤੇ। ਮਹਾ ਬੀਰ ਬਿਕਰਾਰ ਬਿਚੇਤੇ।
ਝਿਮਿ ਝਿਮਿ ਗਿਰੈ ਸ੍ਰੋਨ ਜਿਮਿ ਝਰਨਾ। ਭਯੋ ਘੋਰ ਰਨ ਜਾਤ ਨ ਬਰਨਾ। ੩੩੫।

ਅਚਿ ਅਚਿ ਰੁਧਰ ਡਾਕਨੀ ਡਹਕੈ। ਭਖਿ ਭਖਿ ਮਾਸ ਕਾਕ ਕਹੂੰ ਕਹਕੈ।
ਦਾਰੁਨ ਹੋਤ ਭਯੋ ਤਹ ਜੁਧਾ। ਹਮਰੇ ਬੀਚ ਨ ਆਵਤ ਬੁਧਾ। ੩੩੬।

ਮਾਰੇ ਪਰੇ ਦੈਤ ਕਹੀ ਭਾਰੇ। ਗਿਰੇ ਕਾਢਿ ਕਰਿ ਦਾਤ ਡਰਾਰੇ।
ਸ੍ਰੋਨਤ ਬਮਤ ਬਦਨ ਤੇ ਏਕਾ। ਬੀਰ ਖੇਤ ਬਲਵਾਨ ਅਨੇਕਾ। ੩੩੭।

ਬਡੇ ਬਡੇ ਜਿਨ ਕੇ ਸਿਰ ਸੀਗਾ। ਚੋਂਚੈ ਬਡੀ ਭਾਤਿ ਜਿਨ ਢੀਗਾ।
ਸ੍ਰੋਨਤ ਸੇ ਸਰ ਨੈਨ ਅਪਾਰਾ। ਨਿਰਖ ਜਿਨੈ ਉਪਜਤ ਭ੍ਰਮ ਭਾਰਾ। ੩੩੮।

ਮਹਾ ਬੀਰ ਤ੍ਰੈ ਲੋਕ ਅਤੁਲ ਬਲ। ਅਰਿ ਅਨੇਕ ਜੀਤੇ ਜਿਨ ਜਲ ਥਲ।
ਮਹਾ ਬੀਰ ਬਲਵਾਨ ਡਰਾਰੇ। ਚੁਨਿ ਚੁਨਿ ਬਾਲ ਬਰਛਿਯਨ ਮਾਰੇ। ੩੩੯।

ਕੇਤਿਕ ਸੁਭਟ ਅਬਿਕਟੇ ਮਾਰੇ। ਕੇਤਿਕ ਕਰਨ ਕੇਹਰੀ ਫਾਰੇ।
ਕੇਤਿਕ ਮਹਾ ਕਾਲ ਅਰਿ ਕੂਟੇ। ਬਾਦਲ ਸੇ ਸਭ ਹੀ ਦਲ ਫੂਟੇ। ੩੪੦।

ਕੇਤੇ ਬੀਰ ਬਰਛਿਯਨ ਮਾਰੇ। ਟੂਕ ਟੂਕ ਕੇਤਿਕ ਕਰਿ ਡਾਰੇ।
ਕੇਤੇ ਹਨੇ ਖੜਗ ਕੀ ਧਾਰਾ। ਲੋਹ ਕਟੀਲੇ ਸੂਰ ਅਪਾਰਾ। ੩੪੧।

ਕੇਤਿਕ ਸੂਲ ਸੈਹਥੀ ਹਨੇ। ਸੁੰਦਰ ਸੁਘਰ ਸਿਪਾਹੀ ਬਨੇ।
ਇਹ ਬਿਧਿ ਪਰੇ ਸੁ ਬੀਰ ਪ੍ਰਹਾਰੇ। ਭੂਮਿ ਚਾਲ ਮਨੋ ਗਿਰੇ ਮੁਨਾਰੇ। ੩੪੨।

ਇਹ ਬਿਧਿ ਗਿਰੇ ਬੀਰ ਰਨ ਭਾਰੇ। ਜਨੁ ਨਗ ਇੰਦ੍ਰ ਬਜ੍ਰ ਭੇ ਮਾਰੇ।
ਟੂਕ ਟੂਕ ਜੁਝੇ ਹ੍ਵੈ ਘਨੇ। ਜਾਨੁਕ ਗੌਸ ਕੁਤਬ ਸੇ ਬਨੇ। ੩੪੩।

ਸ੍ਰੋਨ ਪੁਲਿਤ ਹ੍ਵੈ ਕਿਤੇ ਪਰਾਏ। ਚਾਚਰਿ ਖੇਲਿ ਮਨੋ ਘਰ ਆਏ।
ਭਾਜਤ ਭਏ ਬਿਮਨ ਹ੍ਵੈ ਐਸੇ। ਦਰਬ ਹਰਾਇ ਜੁਆਰੀ ਜੈਸੇ। ੩੪੪।

ਜੋ ਜੁਝੇ ਸਨਮੁਖ ਅਸ ਧਾਰਾ। ਤਿਨ ਕਾ ਪਲ ਮੋ ਭਯੋ ਉਧਾਰਾ।
ਇਹ ਜਗ ਤੇ ਬਿਲਖਤ ਨਹਿ ਭਏ। ਚੜਿ ਬਿਵਾਨ ਸੁਰਲੋਕ ਸਿਧਏ। ੩੪੫।

ਕਿਤੇ ਤਲਵਾਰਾਂ ਦੀਆਂ ਧਾਰਾਂ ਚਮਕ ਰਹੀਆਂ ਸਨ। (ਕਿਤੇ) ਭਿਆਨਕ ਸਿਰ ਅਤੇ ਧੜ ਭਭਕ ਰਹੇ ਸਨ। ਕਿਤਨੇ ਲਕ ਨਾਲ ਸ਼ਸਤ੍ਰ ਸਜਾ ਕੇ ਗਜ ਰਹੇ ਸਨ ਅਤੇ ਕਿਤਨੇ ਸੂਰਮੇ ਅਸਤ੍ਰ ਛਡ ਕੇ ਭਜ ਰਹੇ ਸਨ।੩੩੪।

ਕਿਤਨੇ ਮਹਾਨ ਅਤੇ ਵਿਕਰਾਲ ਸੂਰਮੇ ਮਾਰੇ ਹੋਏ ਧਰਤੀ ਉਤੇ ਬੇਸੁੱਧ ਪਏ ਸਨ। (ਉਨ੍ਹਾਂ ਦੇ ਸ਼ਰੀਰਾਂ ਤੋਂ) ਝਰਨਿਆਂ ਵਾਂਗ ਲਹੂ ਝਿਮ ਝਿਮ ਕਰਦਾ ਝਰ ਰਿਹਾ ਸੀ। ਬਹੁਤ ਘਮਸਾਨ ਯੁੱਧ ਹੋਇਆ, ਜਿਸ ਦਾ ਵਰਣਨ ਨਹੀਂ ਕੀਤਾ ਜਾ ਸਕਦਾ।੩੩੫।

(ਕਿਤੇ) ਡਾਕਣੀਆਂ (ਚੁੜੇਲਾਂ) ਲਹੂ ਪੀ ਪੀ ਕੇ ਡਹਿਕ ਰਹੀਆਂ ਸਨ। ਕਿਤੇ ਕਾਂ ਮਾਸ ਖਾ ਖਾ ਕੇ ਕਾਂ-ਕਾਂ ਕਰ ਰਹੇ ਸਨ। ਉਥੇ ਬਹੁਤ ਭਿਆਨਕ ਯੁੱਧ ਹੋਇਆ। (ਉਸ ਦਾ ਅਨੁਮਾਨ ਲਗਾ ਸਕਣਾ) ਮੇਰੀ ਬੁੱਧੀ ਵਿਚ ਨਹੀਂ ਆਉਂਦਾ।੩੩੬।

ਕਿਤੇ ਵੱਡੇ ਦੈਂਤ ਮਾਰੇ ਪਏ ਸਨ ਅਤੇ ਕਿਤੇ ਭਿਆਨਕ ਦੰਦ ਕਢ ਕੇ ਡਿਗੇ ਪਏ ਹਨ। ਕੁਝ ਇਕ ਬਲਵਾਨ ਯੁੱਧ ਵਿਚ ਮੂੰਹ ਤੋਂ ਲਹੂ ਦੀ ਉਲਟੀ ਕਰ ਰਹੇ ਸਨ।੩੩੭।

ਜਿਨ੍ਹਾਂ ਦੈਂਤਾਂ ਦੇ ਸਿਰਾਂ ਉਤੇ ਵੱਡੇ ਵੱਡੇ ਸਿੰਗ ਸਨ ਅਤੇ ਜਿਨ੍ਹਾਂ ਦੀਆਂ ਚੁੰਜਾਂ ਲਮਢੀਗਾਂ ਵਾਂਗ ਵੱਡੀਆਂ ਸਨ। (ਉਨ੍ਹਾਂ ਦੇ) ਲਹੂ ਰੰਗੇ ਨੈਣ ਸਰੋਵਰ ਵਰਗੇ ਵੱਡੇ ਸਨ ਜਿਨ੍ਹਾਂ ਨੂੰ ਵੇਖ ਕੇ ਭਾਰਾ ਭਰਮ ਪੈਦਾ ਹੁੰਦਾ ਸੀ।੩੩੮।

(ਉਹ ਦੈਂਤ) ਬਹੁਤ ਵੱਡੇ ਯੋਧੇ ਅਤੇ ਅਤੁਲ ਬਲ ਵਾਲੇ ਸਨ, ਜਿਨ੍ਹਾਂ ਨੇ ਜਲ ਥਲ ਵਿਚ ਅਨੇਕ ਵੈਰੀ ਜਿਤ ਲਏ ਸਨ। (ਉਹ) ਮਹਾਬੀਰ, ਬਲਵਾਨ ਅਤੇ ਡਰ ਪੈਦਾ ਕਰਨ ਵਾਲੇ ਸਨ। (ਉਨ੍ਹਾਂ ਨੂੰ) ਬਾਲਾ (ਦੂਲਹ ਦੇਈ) ਨੇ ਚੁਣ ਚੁਣ ਕੇ ਬਰਛੀ ਨਾਲ ਮਾਰਿਆ ਸੀ।੩੩੯।

ਕਿਤਨਿਆਂ ਸੂਰਮਿਆਂ ਨੂੰ ਸਹਿਜ ਨਾਲ ਮਾਰ ਦਿੱਤਾ ਅਤੇ ਕਿਤਨਿਆਂ ਦੇ ਕੰਨ ਸ਼ੇਰ ਨੇ ਪਾੜ ਦਿੱਤੇ। ਕਿਤਨਿਆਂ ਵੈਰੀਆਂ ਨੂੰ ਮਹਾ ਕਾਲ ਨੇ ਕੁਟ ਦਿੱਤਾ। ਬਦਲ ਵਾਂਗ ਸਾਰੇ (ਵੈਰੀ) ਦਲ ਖੇਰੂੰ ਖੇਰੂੰ ਹੋ ਗਏ।੩੪੦।

ਕਿਤਨੇ ਸੂਰਮੇ ਬਰਛੀਆਂ ਨਾਲ ਮਾਰ ਦਿੱਤੇ। ਕਿਤਨਿਆਂ ਨੂੰ ਟੋਟੇ ਟੋਟੇ ਕਰ ਦਿੱਤਾ। ਕਿਤਨਿਆਂ ਨੂੰ ਖੜਗ ਦੀ ਧਾਰ ਨਾਲ ਮਾਰ ਦਿੱਤਾ। ਬੇਅੰਤ ਸੂਰਮਿਆਂ ਨੂੰ ਲੋਹੇ ਨਾਲ (ਭਾਵ ਸ਼ਸਤ੍ਰਾਂ ਨਾਲ) ਕਟ ਸੁਟਿਆ।੩੪੧।

ਕਿਤਨੇ ਸੁੰਦਰ ਸੁਘੜ ਸਿਪਾਹੀ ਬਣੇ ਹੋਏ ਸੂਰਮੇ ਸ਼ੂਲ ਅਤੇ ਸੈਹਥੀ ਨਾਲ ਮਾਰ ਦਿੱਤੇ। ਇਸ ਤਰ੍ਹਾਂ (ਸ਼ਸਤ੍ਰਾਂ ਦੇ ਵਾਰਾਂ ਨਾਲ) ਪ੍ਰਹਾਰੇ ਹੋਏ ਸੂਰਮੇ ਡਿਗੇ ਪਏ ਸਨ। (ਇੰਜ ਲਗਦਾ ਸੀ) ਮਾਨੋ ਭੂਚਾਲ ਆਉਣ ਨਾਲ ਮੁਨਾਰੇ ਡਿਗੇ ਪਏ ਹੋਣ।੩੪੨।

ਇਸ ਤਰ੍ਹਾਂ ਵੱਡੇ ਵੱਡੇ ਸੂਰਮੇ ਯੁੱਧ ਵਿਚ ਡਿਗੇ ਪਏ ਸਨ, ਮਾਨੋ ਇੰਦਰ ਨੇ ਬਜ੍ਰ ਨਾਲ ਪਰਬਤ ਤੋੜੇ ਹੋਣ। (ਉਹ) ਟੋਟੇ ਟੋਟੇ ਹੋਏ ਬਹੁਤ ਮਰੇ ਪਏ ਸਨ, ਮਾਨੋ ਗੌਂਸ ਕੁਤਬ ਵਾਂਗ (ਜੁੰਮੇ ਦੀ ਨਮਾਜ਼ ਵੇਲੇ ਬੰਦਗੀ ਵਿਚ ਅੰਗਾਂ ਦੀ) ਸਥਿਤੀ ਬਣੀ ਹੋਈ ਹੋਵੇ।੩੪੩।

ਕਈ ਲਹੂ ਨਾਲ ਲਿਬੜੇ ਭਜੇ ਜਾ ਰਹੇ ਹਨ, ਮਾਨੋ ਹੋਲੀ ਖੇਡ ਕੇ ਘਰ ਆਏ ਹੋਣ। (ਉਹ) ਅਜਿਹੇ ਬੇਮਨੇ ਹੋ ਕੇ ਭਜ ਰਹੇ ਸਨ, ਜਿਸ ਤਰ੍ਹਾਂ ਧਨ ਹਾਰ ਕੇ ਜੁਆਰੀਆਂ (ਭਜ ਤੁਰਦਾ ਹੈ)।੩੪੪।

ਜੋ ਤਲਵਾਰ ਦੀ ਸਾਹਮਣਿਓਂ ਧਾਰ ਸਹਿ ਕੇ ਜੁਝਦਾ ਸੀ, ਉਸ ਦਾ ਪਲ ਵਿਚ ਉੱਧਾਰ ਹੋ ਜਾਂਦਾ ਸੀ। ਉਹ ਇਸ ਸੰਸਾਰ ਵਿਚ ਬਿਲਖਦੇ ਨਹੀਂ, ਸਗੋਂ ਬਿਮਾਨ ਵਿਚ ਚੜ੍ਹ ਕੇ ਸਵਰਗ ਨੂੰ ਜਾਂਦੇ ਸਨ।੩੪੫।

ਸੋਫੀ ਜੇਤੇ ਭਜਤ ਪ੍ਰਹਾਰੇ। ਤੇ ਲੈ ਬਡੇ ਨਰਕ ਮੋ ਡਾਰੇ।
ਸਾਮੁਹਿ ਹ੍ਵੈ ਜਿਨਿ ਦੀਨੇ ਪ੍ਰਾਨਾ। ਤਿਨ ਨਰ ਬੀਰ ਬਰੰਗਨਿ ਨਾਨਾ। ੩੪੬।

ਕੇਤਿਕ ਬਿਧੇ ਬਜ੍ਰ ਅਰੁ ਬਾਨਾ। ਗਿਰਿ ਗਿਰਿ ਪਰੇ ਧਰਨ ਪਰ ਨਾਨਾ।
ਮਹਾ ਰਥੀ ਬਾਨਨ ਕੌ ਬਾਧੇ। ਗਿਰਿ ਗਿਰਿ ਪਰੇ ਰਹੇ ਪੁਨਿ ਸਾਧੇ। ੩੪੭।

ਸੂਰ ਬਡੇ ਰਨ ਮਚੇ ਬਿਕਟ ਅਤਿ। ਧਾਇ ਧਾਇ ਕਰ ਪਰੇ ਬਿਕਟ ਮਤਿ।
ਮਾਰਿ ਮਾਰਿ ਕਰਿ ਸਕਲ ਪੁਕਾਰਾ। ਦੁੰਦਭਿ ਢੋਲ ਦਮਾਮੋ ਭਾਰਾ। ੩੪੮।

ਹਾਕਿ ਹਾਕਿ ਹਥਿਯਾਰ ਪ੍ਰਹਾਰੇ। ਬੀਨਿ ਬੀਨਿ ਬਾਨਨ ਤਨ ਮਾਰੇ।
ਝੁਕਿ ਝੁਕਿ ਹਨੇ ਸੈਹਥੀ ਘਾਇਨ। ਜੂਝੈ ਅਧਿਕ ਦੁਬਹਿਯਾ ਚਾਇਨ। ੩੪੯।

ਕਹੀ ਪਰੇ ਹਾਥਿਨ ਕੇ ਸੁੰਡਾ। ਬਾਜੀ ਰਥੀ ਗਜਨ ਕੇ ਮੁੰਡਾ।
ਝੁੰਡ ਪਰੇ ਕਹੀ ਜੂਝਿ ਜੁਝਾਰੇ। ਤੀਰ ਤੁਫੰਡ ਤੁਪਨ ਕੇ ਮਾਰੇ। ੩੫੦।

ਬਹੁ ਜੂਝੇ ਇਹ ਭਾਤਿ ਸਿਪਾਹੀ। ਭਾਤਿ ਭਾਤਿ ਧੁਜਨੀ ਰਿਪੁ ਗਾਹੀ।
ਉਤ ਕੀਯ ਸਿੰਘ ਬਾਹਨੀ ਕੋਪੈ। ਇਤਿ ਅਸਿਧੁਜ ਲੈ ਧਾਯੋ ਧੋਪੈ। ੩੫੧।

ਕਹੂੰ ਲਸੈ ਰਨ ਖੜਗ ਕਟਾਰੀ। ਜਾਨੁਕ ਮਛ ਬੰਧੇ ਮਧਿ ਜਾਰੀ।
ਸਿੰਘ ਬਾਹਨੀ ਸਤ੍ਰੁ ਬਿਹੰਡੇ। ਤਿਲ ਤਿਲ ਪ੍ਰਾਇ ਅਸੁਰ ਕਰਿ ਖੰਡੇ। ੩੫੨।

ਕਹੂੰ ਪਾਖਰੈ ਕਟੀ ਬਿਰਾਜੈ। ਬਖਤਰ ਕਹੂੰ ਗਿਰੇ ਨਰ ਰਾਜੈ।
ਕਹੂੰ ਚਲਤ ਸ੍ਰੋਨਤ ਕੀ ਧਾਰਾ। ਛੂਟਤ ਬਾਗ ਮੋ ਜਨਕੁ ਫੁਹਾਰਾ। ੩੫੩।

ਕਹੂੰ ਡਾਕਨੀ ਸ੍ਰੋਨਤ ਪੀਯੈ। ਝਾਕਨਿ ਕਹੂੰ ਮਾਸ ਭਖਿ ਜੀਯੈ।
ਕਾਕਨਿ ਕਹੂੰ ਫਿਰੈ ਕਹਕਾਤੀ। ਪ੍ਰੇਤ ਪਿਸਾਚਨ ਡੋਲਤ ਮਾਤੀ। ੩੫੪।

ਹਸਤ ਫਿਰਤ ਪ੍ਰੇਤਨ ਕੀ ਦਾਰਾ। ਡਾਕਨਿ ਕਹੂੰ ਬਜਾਵਤ ਤਾਰਾ।
ਜੋਗਿਨ ਫਿਰੈ ਕਹੂੰ ਮੁਸਕਾਤੀ। ਭੂਤਨ ਕੀ ਇਸਤ੍ਰੀ ਮਦ ਮਾਤੀ। ੩੫੫।

ਫਿਰਤ ਡਕਾਰ ਕਹੂੰ ਰਨ ਡਾਕਨਿ। ਮਾਸ ਅਹਾਰ ਕਰਤ ਕਹੂੰ ਝਾਕਨਿ।
ਪ੍ਰੇਤ ਪਿਸਾਚ ਹਸੇ ਕਿਲਕਾਰੈ। ਕਹੂੰ ਮਸਾਨ ਕਿਲਕਟੀ ਮਾਰੈ। ੩੫੬।

ਕਢੈ ਦੈਤ ਰਨ ਦਾਤ ਬਿਹਾਰਤ। ਭੂਤ ਪ੍ਰੇਤ ਤਾਲੀ ਕਹ ਮਾਰਤ।
ਉਲਕਾ ਪਾਤ ਹੋਤ ਆਕਾਸਾ। ਅਸੁਰ ਸੈਨ ਇਹ ਬਿਧਿ ਭਯੋ ਨਾਸਾ। ੩੫੭।

ਜਿਤਨੇ ਭਜਦੇ ਹੋਏ ਸੋਫ਼ੀਆਂ ਉਤੇ ਪ੍ਰਹਾਰ ਕੀਤਾ ਗਿਆ, ਉਨ੍ਹਾਂ ਸਾਰਿਆਂ ਨੂੰ ਵੱਡੇ ਨਰਕ ਵਿਚ ਸੁਟ ਦਿੱਤਾ ਗਿਆ। ਜਿਨ੍ਹਾਂ ਨੇ ਸਾਹਮਣੇ ਹੋ ਕੇ ਪ੍ਰਾਣ ਨਿਛਾਵਰ ਕੀਤੇ, ਉਨ੍ਹਾਂ ਪੁਰਸ਼ਾਂ ਨੂੰ ਅਨੇਕ ਤਰ੍ਹਾਂ ਦੀਆਂ ਅਪੱਛਰਾਵਾਂ ਨੇ ਵਰ ਲਿਆ।੩੪੬।

ਕਿਤਨੇ ਬਜ੍ਰ ਅਤੇ ਬਾਣਾਂ ਨਾਲ ਵਿੰਨ੍ਹੇ ਗਏ ਸਨ ਅਤੇ ਕਈ ਧਰਤੀ ਉਤੇ ਡਿਗੇ ਪਏ ਸਨ। ਕਈ ਮਹਾ ਰਥੀ ਬਾਣਾਂ (ਦੇ ਭਥਿਆਂ) ਨੂੰ ਬੰਨ੍ਹੇ ਹੋਇਆਂ ਧਰਤੀ ਉਤੇ ਡਿਗੇ ਪਏ ਸਨ, ਪਰ ਫਿਰ ਵੀ (ਉਨ੍ਹਾਂ ਨੇ) ਨਿਸ਼ਾਣਾ ਬੰਨ੍ਹਿਆ ਹੋਇਆ ਸੀ।੩੪੭।

ਬਹੁਤ ਸੂਰਮਿਆਂ ਨੇ ਡਰਾਉਣਾ ਯੁੱਧ ਮਚਾਇਆ ਹੋਇਆ ਸੀ। ਉਹ ਕਠੋਰ ਬੁੱਧੀ ਵਾਲੇ ਇਕ ਦੂਜੇ ਉਤੇ ਭਜ ਭਜ ਕੇ ਵਾਰ ਕਰ ਰਹੇ ਸਨ। ਨਗਾਰੇ, ਢੋਲ ਅਤੇ ਦਮਾਮੇ ਵਜ ਰਹੇ ਸਨ ਅਤੇ ਸਾਰੇ (ਸੂਰਮੇ) 'ਮਾਰੋ ਮਾਰੋ' ਪੁਕਾਰ ਰਹੇ ਸਨ।੩੪੮।

ਵੰਗਾਰ ਵੰਗਾਰ ਕੇ ਹਥਿਆਰ ਚਲਾ ਰਹੇ ਸਨ ਅਤੇ (ਸੂਰਮਿਆਂ ਦੇ ਸ਼ਰੀਰਾਂ ਉਤੇ) ਚੁਣ ਚੁਣ ਕੇ ਤੀਰ ਚਲਾ ਰਹੇ ਸਨ। ਝੁਕ ਝੁਕ ਕੇ ਬਰਛੀਆਂ ਮਾਰ ਕੇ ਘਾਇਲ ਕਰ ਰਹੇ ਸਨ ਅਤੇ ਬਹੁਤ ਚਾਓ ਨਾਲ ਦੋਹਾਂ ਬਾਂਹਵਾਂ ਨਾਲ ਲੜਨ ਵਾਲੇ ਸੂਰਮੇ ਮਾਰੇ ਜਾ ਰਹੇ ਸਨ।੩੪੯।

ਕਿਤੇ ਹਾਥੀਆਂ ਦੀਆਂ ਸੁੰਢਾਂ ਪਈਆਂ ਸਨ। ਕਿਤੇ ਘੋੜਿਆਂ, ਰਥਵਾਨਾਂ ਅਤੇ ਹਾਥੀਆਂ ਦੇ ਸਿਰ ਪਏ ਹੋਏ ਸਨ। ਕਿਤੇ ਤੀਰਾਂ, ਬੰਦੂਕਾਂ ਅਤੇ ਤੋਪਾਂ ਨਾਲ ਮਾਰੇ ਹੋਏ ਸੂਰਮਿਆਂ ਦੇ ਝੁੰਡਾਂ ਦੇ ਝੁੰਡ ਪਏ ਹੋਏ ਸਨ।੩੫੦।

ਇਸ ਤਰ੍ਹਾਂ ਬਹੁਤ ਸਿਪਾਹੀ ਮਾਰੇ ਗਏ ਅਤੇ ਭਾਂਤ ਭਾਂਤ ਨਾਲ ਵੈਰੀ ਦੀ ਸੈਨਾ ਨੂੰ ਗਾਹਿਆ ਗਿਆ। ਉਧਰ ਸ਼ੇਰ ਉਤੇ ਸਵਾਰੀ ਕਰਨ ਵਾਲੀ (ਦੂਲਹ ਦੇਈ) ਕ੍ਰੋਧ ਵਿਚ ਆ ਗਈ ਅਤੇ ਇਧਰ ਮਹਾ ਕਾਲ ('ਅਸਿਧੁਜ') ਤਲਵਾਰ ਲੈ ਕੇ ਪੈ ਗਿਆ।੩੫੧।

ਕਿਤੇ ਯੁੱਧ-ਭੂਮੀ ਵਿਚ ਖੜਗਾਂ ਅਤੇ ਕਟਾਰਾਂ ਚਮਕ ਰਹੀਆਂ ਸਨ। (ਇੰਜ ਲਗਦਾ ਸੀ) ਮਾਨੋ ਮੱਛਲੀਆਂ ਜਾਲ ਵਿਚ ਬੰਨ੍ਹੀਆਂ (ਭਾਵ ਫਸੀਆਂ) ਹੋਣ। ਸ਼ੇਰ ਦੀ ਸਵਾਰੀ ਕਰਨ ਵਾਲੀ (ਦੂਲਹ ਦੇਈ) ਨੇ ਵੈਰੀਆਂ ਨੂੰ ਨਸ਼ਟ ਕਰ ਦਿੱਤਾ ਅਤੇ ਦੈਂਤਾਂ ਨੂੰ ਤਿਲ ਤਿਲ ਦੇ ਬਰਾਬਰ ਟੁਕੜੇ ਟੁਕੜੇ ਕਰ ਦਿੱਤਾ।੩੫੨।

ਕਿਤੇ (ਘੋੜਿਆਂ ਦੀਆਂ) ਝੁਲਾਂ ਕਟੀਆਂ ਪਈਆਂ ਸਨ ਅਤੇ ਕਿਤੇ ਯੋਧੇ ਕਵਚਾਂ ਸਮੇਤ ਡਿਗੇ ਹੋਏ ਸ਼ੋਭਦੇ ਸਨ। ਕਿਤੇ ਲਹੂ ਦੀਆਂ ਤਤੀਰੀਆਂ ਚਲ ਰਹੀਆਂ ਸਨ। (ਇੰਜ ਲਗਦਾ ਸੀ) ਮਾਨੋ ਬਾਗ ਵਿਚ ਫਵਾਰਾ ਚਲ ਰਿਹਾ ਹੋਵੇ।੩੫੩।

ਕਿਤੇ ਚੁੜੇਲਾਂ ਲਹੂ ਪੀ ਰਹੀਆਂ ਸਨ। ਕਿਤੇ ਗਿਰਝਾਂ ਜੀ ਭਰ ਕੇ ਮਾਸ ਖਾ ਰਹੀਆਂ ਸਨ। ਕਿਤੇ ਕਾਉਣੀਆਂ ਕਾਂ ਕਾਂ ਕਰਦੀਆਂ ਹੋਈਆਂ ਫਿਰ ਰਹੀਆਂ ਸਨ। ਕਿਤੇ ਪ੍ਰੇਤ ਅਤੇ ਪਿਸਾਚ ਮਦਮਸਤ ਹੋ ਕੇ ਡੋਲ ਰਹੇ ਸਨ।੩੫੪।

(ਕਿਤੇ) ਪ੍ਰੇਤਾਂ ਦੀਆਂ ਇਸਤਰੀਆਂ ਹਸਦੀਆਂ ਫਿਰਦੀਆਂ ਸਨ ਅਤੇ ਕਿਤੇ ਡਾਕਣੀਆਂ (ਚੁੜੇਲਾਂ) ਤਾੜੀਆਂ ਵਜਾ ਰਹੀਆਂ ਸਨ। ਕਿਤੇ ਜੋਗਣਾਂ ਹਸਦੀਆਂ ਫਿਰ ਰਹੀਆਂ ਸਨ। ਕਿਤੇ ਭੂਤਾਂ ਦੀਆਂ ਇਸਤਰੀਆਂ (ਭੂਤਨੀਆਂ) ਮਦਮਸਤ (ਘੁੰਮ ਰਹੀਆਂ ਸਨ)।੩੫੫।

ਕਿਤੇ ਰਣ-ਖੇਤਰ ਵਿਚ ਡਾਕਣੀਆਂ ਡਕਾਰਦੀਆਂ ਫਿਰਦੀਆਂ ਸਨ ਅਤੇ ਕਿਤੇ ਗਿਰਝਾਂ ਮਾਸ ਦਾ ਭੋਜਨ ਕਰ ਰਹੀਆਂ ਸਨ। ਕਿਤੇ ਪ੍ਰੇਤ ਅਤੇ ਪਿਸਾਚ ਕਿਲਕਾਰੀਆਂ ਮਾਰ ਕੇ ਹਸ ਰਹੇ ਸਨ। ਕਿਤੇ ਮਸਾਨ (ਪ੍ਰੇਤ) ਕਿਲਕਾਰੀਆਂ ਮਾਰ ਰਹੇ ਸਨ।੩੫੬।

(ਕਿਤੇ) ਦੈਂਤ ਰਣ-ਭੂਮੀ ਵਿਚ ਦੰਦ ਕਢ ਕੇ ਫਿਰ ਰਹੇ ਸਨ ਅਤੇ ਭੂਤ ਪ੍ਰੇਤ ਤਾੜੀਆਂ ਮਾਰ ਰਹੇ ਸਨ। ਆਕਾਸ਼ ਤੋਂ ਤਾਰੇ ਅਥਵਾ ਅੰਗਾਰੇ ('ਉਲਕਾ') ਡਿਗਦੇ ਸਨ। ਇਸ ਤਰ੍ਹਾਂ ਦੈਂਤ ਸੈਨਾ ਦਾ ਨਾਸ ਹੋ ਗਿਆ।੩੫੭।

ਬਹਤ ਅਮਿਤ ਰਨ ਪਵਨ ਪ੍ਰਚੰਡਾ। ਦਿਖਿਯਤ ਪਰੇ ਸੁਭਟ ਖੰਡ ਖੰਡਾ।
ਕਾਕਨਿ ਕੁਹਕਿ ਮਾਨਵਤਿ ਤਾਤੀ। ਫਾਗੁਨ ਜਾਨੁ ਕੋਕਿਲਾ ਮਾਤੀ। ੩੫੮।

ਇਹ ਬਿਧਿ ਸ੍ਰੋਨ ਕੁੰਡਿ ਭਰਿ ਗਯੋ। ਦੂਸਰ ਮਾਨਸਰੋਵਰ ਭਯੋ।
ਸੇਤ ਛਤ੍ਰ ਤਹ ਹੰਸ ਬਿਰਾਜੈ। ਅਨਤ ਸਾਜ ਜਲਜਿਯ ਸੇ ਰਾਜੈ। ੩੫੯।

ਟੂਕ ਟੂਕ ਦੰਤੀ ਕਹੂੰ ਭਏ। ਤਿਲ ਤਿਲ ਪ੍ਰਾਇ ਸੁਭਟ ਹ੍ਵੈ ਗਏ।
ਸ੍ਰੋਨਤ ਧਾਰਿ ਬਹੀ ਇਕ ਬਾਰਾ। ਭਈ ਧੂਰਿ ਰਨ ਕੀ ਸਭ ਗਾਰਾ। ੩੬੦।

ਨੇਜਬਾਜ ਬਹੁ ਬੀਰ ਸੰਘਾਰੇ। ਪ੍ਰੋਏ ਬਰਾ ਸੀਖ ਭਟਿਯਾਰੇ।
ਟੂਕ ਟੂਕ ਭਟ ਰਨ ਹ੍ਵੈ ਰਹੇ। ਜਿਨ ਕੇ ਘਾਵ ਸਰੋਹਿਨ ਬਹੇ। ੩੬੧।

ਇਹ ਬਿਧਿ ਅਮਿਤ ਕੋਪ ਕਰਿ ਕਾਲਾ। ਕਾਢਤ ਭਯੋ ਦਾਤ ਬਿਕਰਾਲਾ।
ਛਿਪ੍ਰ ਹਨੇ ਛਿਨ ਮਾਝ ਛਤ੍ਰਾਲੇ। ਸੂਰਬੀਰ ਬਲਵਾਨ ਮੁਛਾਲੇ। ੩੬੨।

ਦੁਹੂੰ ਅਧਿਕ ਰਨ ਕਿਯੋ ਅਪਾਰਾ। ਦਾਨਵ ਮਰਤ ਭਯੋ ਨਹਿ ਮਾਰਾ।
ਤਬ ਅਸਿਧੁਜ ਅਸ ਮੰਤ੍ਰ ਬਿਚਾਰੋ। ਜਿਹ ਬਿਧਿ ਤੇ ਦਾਨਵਹਿ ਸੰਘਾਰੋ। ੩੬੩।

ਸਰਬਾਕਰਖਨ ਕਿਯ ਅਸਿਧੁਜ ਜਬ। ਉਪਜਤ ਤੇ ਰਹਿ ਗਏ ਅਸੁਰ ਤਬ।
ਆਗ੍ਯਾ ਬਹੁਰਿ ਕਾਲਿ ਕਹ ਦਈ। ਸਤ੍ਰੁ ਸੈਨ ਭਛਨ ਕਰਿ ਗਈ। ੩੬੪।

ਏਕੈ ਅਸੁਰ ਤਬੈ ਰਹਿ ਗਯੋ। ਤ੍ਰਾਸਿਤ ਅਧਿਕ ਚਿਤ ਮਹਿ ਭਯੋ।
ਹਾਇ ਹਾਇ ਕਸ ਕਰੌ ਉਪਾਵਾ। ਅਸ ਕੋਈ ਚਲਤ ਨੇ ਮੇਰਾ ਦਾਵਾ। ੩੬੫।

ਦੋਹਰਾ

ਮਹਾ ਕਾਲ ਕੀ ਸਰਨਿ ਜੇ ਪਰੇ ਸੁ ਲਏ ਬਚਾਇ।
ਔਰ ਨ ਉਪਜਾ ਦੂਸਰ ਜਗ ਭਛਿਯੋ ਸਭੈ ਬਨਾਇ। ੩੬੬।
ਜੋ ਪੂਜਾ ਅਸਿਕੇਤੁ ਕੀ ਨਿਤ ਪ੍ਰਤਿ ਕਰੈ ਬਨਾਇ।
ਤਿਨ ਪਰ ਅਪਨੋ ਹਾਥ ਦੈ ਅਸਿਧੁਜ ਲੇਤ ਬਚਾਇ। ੩੬੭।

ਚੌਪਈ

ਦੁਸਟ ਦੈਤ ਕਛੁ ਬਾਤ ਨ ਜਾਨੀ। ਮਹਾ ਕਾਲ ਤਨ ਪੁਨਿ ਰਿਸਿ ਠਾਨੀ।
ਬਲ ਅਪਬਲ ਅਪਨੋ ਨ ਬਿਚਾਰਾ। ਗਰਬ ਠਾਨਿ ਜਿਯ ਬਹੁਰਿ ਹੰਕਾਰਾ। ੩੬੮।

ਰੇ ਰੇ ਕਾਲ ਫੂਲਿ ਜਿਨਿ ਜਾਹੂ। ਬਹੁਰਿ ਆਨਿ ਸੰਗ੍ਰਾਮ ਮਚਾਹੂ।
ਏਕ ਨਿਦਾਨ ਕਰੋ ਰਨ ਮਾਹੀ। ਕੈ ਅਸਿਧੁਜਿ ਕੈ ਦਾਨਵ ਨਾਹੀ। ੩੬੯।

ਰਣ-ਭੂਮੀ ਵਿਚ ਬਹੁਤ ਤੇਜ਼ ਹਵਾ ਚਲ ਰਹੀ ਸੀ। (ਉਥੇ) ਟੁਕੜੇ ਟੁਕੜੇ ਹੋਏ ਪਏ ਸੂਰਮੇ ਦਿਖ ਰਹੇ ਸਨ। ਮਾਨਮਤੀਆਂ ਕਾਉਣੀਆਂ ਤਿਖੀ ਸੁਰ ਵਿਚ ਕਾਂ ਕਾਂ ਕਰ ਰਹੀਆਂ ਸਨ, ਮਾਨੋ ਫਗਣ ਦੇ ਮਹੀਨੇ ਵਿਚ ਕੋਇਲਾਂ ਮਸਤ ਹੋ ਕੇ ਬੋਲ ਰਹੀਆਂ ਹੋਣ।੩੫੮।

ਇਸ ਤਰ੍ਹਾਂ ਲਹੂ ਦਾ ਕੁੰਡ ਭਰ ਗਿਆ, (ਮਾਨੋ) ਦੂਜਾ ਮਾਨਸਰੋਵਰ ਹੋ ਗਿਆ ਹੋਵੇ। ਟੁਟੇ ਹੋਏ (ਸਫ਼ੈਦ) ਛਤ੍ਰ ਹੰਸਾਂ ਵਰਗੇ ਸ਼ੋਭ ਰਹੇ ਸਨ ਅਤੇ ਹੋਰ ਸਾਜ਼-ਸਾਮਾਨ ਜਲ-ਜੀਵਾਂ ('ਜਲ-ਜਿਯ') ਵਰਗਾ ਲਗ ਰਿਹਾ ਸੀ।੩੫੯।

ਕਿਤੇ ਟੋਟੇ ਟੋਟੇ ਹੋਏ ਹਾਥੀ ਪਏ ਸਨ ਅਤੇ ਸੂਰਮੇ ਤਿਲ ਤਿਲ ਦੇ ਬਰਾਬਰ ਹੋਏ ਪਏ ਸਨ। ਇਕ ਪਾਸੇ ਲਹੂ ਦੀ ਧਾਰ ਵਗ ਰਹੀ ਸੀ, (ਜਿਸ ਕਰ ਕੇ) ਰਣ ਦੀ ਮਿੱਟੀ ਗਾਰਾ ਬਣੀ ਪਈ ਸੀ।੩੬੦।

ਨੇਜ਼ਾ-ਬਾਜ਼ਾਂ ਨੇ ਬਹੁਤ ਸੂਰਮੇ ਮਾਰ ਦਿੱਤੇ ਸਨ (ਮਾਨੋ) ਭਠਿਆਰਾਂ ਨੇ ਸੀਖਾਂ ਵਿਚ ਵੜੇ ਪਰੋਏ ਹੋਏ ਹੋਣ। ਰਣ ਵਿਚ ਸੂਰਮੇ ਟੁਕੜੇ ਟੁਕੜੇ ਹੋਏ ਪਏ ਸਨ, ਜਿਨ੍ਹਾਂ ਦੇ ਜ਼ਖ਼ਮਾਂ ਉਤੇ ਸਰੋਹੀ (ਤਲਵਾਰ) ਵਗੀ ਸੀ।੩੬੧।

ਇਸ ਤਰ੍ਹਾਂ ਨਾਲ ਕਾਲ ਬਹੁਤ ਕ੍ਰੋਧ ਕਰ ਕੇ ਭਿਆਨਕ ਦੰਦ ਕਢਣ ਲਗਾ। ਛਿਣ ਭਰ ਵਿਚ ਛੇਤੀ ਨਾਲ ਛਤ੍ਰਾਂ ਵਾਲੇ ਮਾਰ ਦਿੱਤੇ ਜੋ ਸੂਰਬੀਰ, ਬਲਵਾਨ ਅਤੇ ਮੁਛੈਲ ਸਨ।੩੬੨।

ਦੋਹਾਂ ਨੇ ਬਹੁਤ ਘਮਸਾਨ ਯੁੱਧ ਕੀਤਾ, ਪਰ ਦੈਂਤ ਮਾਰਿਆਂ ਮਰ ਨਹੀਂ ਰਹੇ ਸਨ। ਤਦ ਅਸਿਧੁਜ (ਮਹਾ ਕਾਲ) ਨੇ ਇਸ ਤਰ੍ਹਾਂ ਵਿਚਾਰ ਕੀਤਾ ਜਿਸ ਤਰ੍ਹਾਂ ਕਿ ਦੈਂਤਾਂ ਨੂੰ ਮਾਰਿਆ ਜਾ ਸਕੇ।੩੬੩।

ਜਦ ਮਹਾ ਕਾਲ ਨੇ (ਆਪਣੀ ਸ਼ਕਤੀ ਨਾਲ) ਸਾਰਿਆਂ ਨੂੰ ਖਿਚ ਲਿਆ। ਤਦ ਦੈਂਤ ਪੈਦਾ ਹੋਣੇ ਬੰਦ ਹੋ ਗਏ। ਫਿਰ ਉਸ ਨੇ 'ਕਾਲਿ' ਨੂੰ ਆਗਿਆ ਦਿੱਤੀ। ਉਹ ਵੈਰੀ ਦੀ ਸੈਨਾ ਨੂੰ ਖਾ ਗਈ।੩੬੪।

ਤਦ ਇਕੋ ਦੈਂਤ ਰਹਿ ਗਿਆ। ਉਹ ਮਨ ਵਿਚ ਬਹੁਤ ਡਰਿਆ। 'ਹਾਇ ਹਾਇ' ਕਰਦਾ ਹੋਇਆ ਸੋਚਣ ਲਗਾ ਕਿ ਕੀ ਉਪਾ ਕੀਤਾ ਜਾਏ। ਹੁਣ ਮੇਰਾ ਕੋਈ ਦਾਵਾ (ਜਾਂ ਦਾਓ) ਨਹੀਂ ਚਲਦਾ।੩੬੫।

ਦੋਹਰਾ

ਮਹਾ ਕਾਲ ਦੀ ਜੋ ਸ਼ਰਨ ਵਿਚ ਪੈਂਦਾ ਹੈ, ਉਸ ਨੂੰ ਬਚਾ ਲਿਆ ਜਾਂਦਾ ਹੈ। ਹੋਰ ਦੂਜਾ (ਦੈਂਤ) ਜਗਤ ਵਿਚ ਪੈਦਾ ਨਹੀਂ ਹੋਇਆ, (ਕਾਲਿ ਨੇ) ਸਭ ਨੂੰ ਖਾ ਲਿਆ।੩੬੬। ਜੋ ਅਸਿਕੇਤੁ (ਮਹਾ ਕਾਲ) ਦੀ ਹਰ ਰੋਜ਼ ਪੂਜਾ ਕਰਦੇ ਹਨ, ਉਨ੍ਹਾਂ ਨੂੰ ਆਪਣਾ ਹੱਥ ਦੇ ਕੇ ਅਸਿਧੁਜ ਬਚਾ ਲੈਂਦਾ ਹੈ।੩੬੭।

ਚੌਪਈ

ਦੁਸ਼ਟ ਦੈਂਤ ਨੇ ਕੋਈ ਗੱਲ ਨ ਸਮਝੀ। ਮਹਾ ਕਾਲ ਪ੍ਰਤਿ (ਉਸ ਨੇ) ਫਿਰ ਰੋਹ ਪਾਲ ਲਿਆ। (ਉਸ ਨੇ) ਆਪਣੀ ਸ਼ਕਤੀ ਅਤੇ ਕਮਜ਼ੋਰੀ ਨੂੰ ਨ ਵਿਚਾਰਿਆ। ਮਨ ਵਿਚ ਬਹੁਤ ਅਭਿਮਾਨ ਅਤੇ ਹੰਕਾਰ ਠਾਨ ਲਿਆ।੩੬੮।

(ਅਤੇ ਕਹਿਣ ਲਗਾ--) ਹੇ ਕਾਲ! ਐਵੇਂ ਫੁਲਿਆ ਨ ਫਿਰ, (ਮੇਰੇ ਨਾਲ) ਆ ਕੇ ਫਿਰ ਯੁੱਧ ਕਰ। (ਅਜ) ਯੁੱਧ-ਭੂਮੀ ਵਿਚ ਇਕ ਨਿਰਣਾ ਹੋ ਜਾਏ। ਜਾਂ ਅਸਿਧੁਜ ਨਹੀਂ ਜਾਂ ਦੈਂਤ ਨਹੀਂ।੩੬੯।

ਏਕ ਪਾਵ ਤਜਿ ਜੁਧ ਨ ਭਾਜਾ। ਮਹਾਰਾਜ ਦੈਤਨ ਕਾ ਰਾਜਾ।
ਆਂਤੌ ਗੀਧ ਗਗਨ ਲੈ ਗਏ। ਬਾਹਤ ਬਿਸਿਖ ਤਊ ਹਠ ਭਏ। ੩੭੦।

ਅਸੁਰ ਅਮਿਤ ਰਨ ਬਾਨ ਚਲਾਏ। ਨਿਰਖਿ ਖੜਗਧੁਜ ਕਾਟਿ ਗਿਰਾਏ।
ਬੀਸ ਸਹਸ੍ਰ ਅਸੁਰ ਪਰ ਬਾਨਾ। ਸ੍ਰੀ ਅਸਿਧੁਜ ਛਾਡੇ ਬਿਧਿ ਨਾਨਾ। ੩੭੧।

ਮਹਾ ਕਾਲ ਪੁਨਿ ਜਿਯ ਮੈ ਕੋਪਾ। ਧਨੁਖ ਟੰਕੋਰ ਬਹੁਰਿ ਰਨ ਰੋਪਾ।
ਏਕ ਬਾਨ ਤੇ ਧੁਜਹਿ ਗਿਰਾਯੋ। ਦੁਤਿਯ ਸਤ੍ਰੁ ਕੋ ਸੀਸ ਉਡਾਯੋ। ੩੭੨।

ਦੁਹੂੰ ਬਿਸਿਖ ਕਰਿ ਦ੍ਵੈ ਰਥ ਚਕ੍ਰ। ਕਾਟਿ ਦਏ ਛਿਨ ਇਕ ਮੈ ਬਕ੍ਰ।
ਚਾਰਹਿ ਬਾਨ ਚਾਰ ਹੂੰ ਬਾਜਾ। ਮਾਰ ਦਏ ਸਭ ਜਗ ਕੇ ਰਾਜਾ। ੩੭੩।

ਬਹੁਰਿ ਅਸੁਰ ਕਾ ਕਾਟਸਿ ਮਾਥਾ। ਸ੍ਰੀ ਅਸਿਕੇਤਿ ਜਗਤ ਕੇ ਨਾਥਾ।
ਦੁਤਿਯ ਬਾਨ ਸੌ ਦੋਊ ਅਰਿ ਕਰ। ਕਾਟਿ ਦਯੋ ਅਸਿਧੁਜ ਨਰ ਨਾਹਰ। ੩੭੪।

ਪੁਨਿ ਰਾਛਸ ਕਾ ਕਾਟਾ ਸੀਸਾ। ਸ੍ਰੀ ਅਸਿਕੇਤੁ ਜਗਤ ਕੇ ਈਸਾ।
ਪੁਹਪਨ ਬ੍ਰਿਸਟਿ ਗਗਨ ਤੇ ਭਈ। ਸਭਹਿਨ ਆਨਿ ਬਧਾਈ ਦਈ। ੩੭੫।

ਧੰਨ੍ਯ ਧੰਨ੍ਯ ਲੋਗਨ ਕੇ ਰਾਜਾ। ਦੁਸਟਨ ਦਾਹ ਗਰੀਬ ਨਿਵਾਜਾ।
ਅਖਲ ਭਵਨ ਕੇ ਸਿਰਜਨਹਾਰੇ। ਦਾਸ ਜਾਨਿ ਮੁਹਿ ਲੇਹੁ ਉਬਾਰੇ। ੩੭੬।

ਕਬ੍ਯੋ ਬਾਚ ਬੇਨਤੀ

ਚੌਪਈ

ਹਮਰੀ ਕਰੋ ਹਾਥ ਦੈ ਰਛਾ। ਪੂਰਨ ਹੋਇ ਚਿਤ ਕੀ ਇਛਾ।
ਤਵ ਚਰਨਨ ਮਨ ਰਹੈ ਹਮਾਰਾ। ਅਪਨਾ ਜਾਨ ਕਰੋ ਪ੍ਰਤਿਪਾਰਾ। ੩੭੭।

ਹਮਰੇ ਦੁਸਟ ਸਭੈ ਤੁਮ ਘਾਵਹੁ। ਆਪੁ ਹਾਥ ਦੈ ਮੋਹਿ ਬਚਾਵਹੁ।
ਸੁਖੀ ਬਸੈ ਮੋਰੋ ਪਰਿਵਾਰਾ। ਸੇਵਕ ਸਿਖ੍ਯ ਸਭੈ ਕਰਤਾਰਾ। ੩੭੮।

ਮੋ ਰਛਾ ਨਿਜੁ ਕਰ ਦੈ ਕਰਿਯੈ। ਸਭ ਬੈਰਿਨ ਕੌ ਆਜ ਸੰਘਰਿਯੈ।
ਪੂਰਨ ਹੋਇ ਹਮਾਰੀ ਆਸਾ। ਤੋਰਿ ਭਜਨ ਕੀ ਰਹੈ ਪਿਯਾਸਾ। ੩੭੯।

ਤੁਮਹਿ ਛਾਡਿ ਕੋਈ ਅਵਰ ਨ ਧ੍ਯਾਊ। ਜੋ ਬਰ ਚਾਹੌ ਸੁ ਤੁਮ ਤੇ ਪਾਊ।
ਸੇਵਕ ਸਿਖ੍ਯ ਹਮਾਰੇ ਤਾਰਿਯਹਿ। ਚੁਨ ਚੁਨ ਸਤ੍ਰੁ ਹਮਾਰੇ ਮਾਰਿਯਹਿ। ੩੮੦।

ਆਪੁ ਹਾਥ ਦੈ ਮੁਝੈ ਉਬਰਿਯੈ। ਮਰਨ ਕਾਲ ਕਾ ਤ੍ਰਾਸ ਨਿਵਰਿਯੈ।
ਹੂਜੋ ਸਦਾ ਹਮਾਰੇ ਪਛਾ। ਸ੍ਰੀ ਅਸਿਧੁਜ ਜੂ ਕਰਿਯਹੁ ਰਛਾ। ੩੮੧।

ਰਾਖਿ ਲੇਹੁ ਮੁਹਿ ਰਾਖਨਹਾਰੇ। ਸਾਹਿਬ ਸੰਤ ਸਹਾਇ ਪਿਯਾਰੇ।
ਦੀਨਬੰਧੁ ਦੁਸਟਨ ਕੇ ਹੰਤਾ। ਤੁਮ ਹੋ ਪੁਰੀ ਚਤੁਰਦਸ ਕੰਤਾ। ੩੮੨।

(ਉਹ) ਦੈਂਤਾਂ ਦਾ ਰਾਜਾ ਇਕ ਵੀ ਪੈਰ ਪਿਛੇ ਕਰ ਕੇ ਯੁੱਧ ਤੋਂ ਨ ਭਜਿਆ। ਭਾਵੇਂ ਉਸ ਦੀਆਂ ਆਂਦਰਾਂ ਗਿੱਧਾਂ ਲੈ ਕੇ ਆਕਾਸ਼ ਵਿਚ ਪਹੁੰਚ ਗਈਆਂ, ਤਾਂ ਵੀ ਉਹ ਹਠ ਪੂਰਵਕ ਬਾਣ ਚਲਾਉਂਦਾ ਰਿਹਾ।੩੭੦।

ਦੈਂਤ ਰਾਜੇ ਨੇ ਰਣ ਵਿਚ ਅਣਗਿਣਤ ਤੀਰ ਚਲਾਏ, ਪਰ ਖੜਗਧੁਜ (ਮਹਾ ਕਾਲ) ਨੇ ਵੇਖ ਕੇ ਕਟ ਸੁਟੇ। ਤਦ ਅਸਿਧੁਜ (ਮਹਾ ਕਾਲ) ਨੇ ਕਈ ਤਰ੍ਹਾਂ ਨਾਲ ਵੀਹ ਹਜ਼ਾਰਾ ਬਾਣ ਦੈਂਤ ਉਤੇ ਛਡੇ।੩੭੧।

ਮਹਾ ਕਾਲ ਫਿਰ ਮਨ ਵਿਚ ਕ੍ਰੋਧਵਾਨ ਹੋਇਆ ਅਤੇ ਧਨੁਸ਼ ਨੂੰ ਟੰਕਾਰ ਕੇ ਫਿਰ ਯੁੱਧ ਜਮਾ ਦਿੱਤਾ। (ਉਸ ਨੇ) ਇਕ ਬਾਣ ਨਾਲ (ਦੈਂਤ ਦਾ) ਝੰਡਾ ਡਿਗਾ ਦਿੱਤਾ। ਦੂਜੇ ਨਾਲ ਵੈਰੀ ਦਾ ਸਿਰ ਉਡਾ ਦਿੱਤਾ।੩੭੨।

ਦੋ ਤੀਰਾਂ ਨਾਲ ਰਥ ਦੇ ਦੋਵੇਂ ਟੇਢੇ ਚਕ੍ਰ (ਪਹੀਏ) ਇਕ ਛਿਣ ਵਿਚ ਕਟ ਦਿੱਤੇ। ਚਾਰ ਤੀਰਾਂ ਨਾਲ ਚੌਹਾਂ ਹੀ ਘੋੜਿਆਂ ਨੂੰ ਸਾਰੇ ਜਗਤ ਦੇ ਰਾਜੇ ਨੇ ਮਾਰ ਦਿੱਤਾ।੩੭੩।

ਫਿਰ ਜਗਤ ਦੇ ਨਾਥ ਅਸਿਕੇਤੁ ਨੇ (ਬਾਣ ਮਾਰ ਕੇ) ਦੈਂਤ ਦਾ ਮੱਥਾ ਕਟ ਦਿੱਤਾ। ਅਤੇ ਦੂਜੇ ਬਾਣ ਨਾਲ ਮਨੁੱਖਾਂ ਦੇ ਰਾਜੇ ਅਸਿਧੁਜ ਨੇ ਵੈਰੀ ਦੇ ਹੱਥ ਕਟ ਸੁਟੇ।੩੭੪।

ਫਿਰ ਜਗਤ ਦੇ ਸੁਆਮੀ ਅਸਿਕੇਤੁ ਨੇ ਰਾਖਸ਼ ਦਾ ਸੀਸ ਕਟ ਦਿੱਤਾ। ਆਕਾਸ਼ ਤੋਂ ਫੁਲਾਂ ਦੀ ਬਰਖਾ ਹੋਈ। ਸਾਰਿਆਂ ਨੇ ਆ ਕੇ ਵਧਾਈ ਦਿੱਤੀ।੩੭੫।

(ਅਤੇ ਕਿਹਾ--) ਹੇ ਲੋਕਾਂ ਦੇ ਰਾਜੇ! ਤੁਸੀਂ ਧੰਨ ਹੋ, (ਤੁਸੀਂ) ਦੁਸ਼ਟਾਂ ਨੂੰ ਮਾਰ ਕੇ ਗਰੀਬਾਂ ਦੀ ਰਖਿਆ ਕੀਤੀ ਹੈ। ਹੇ ਸਾਰੇ ਸੰਸਾਰ ਦੀ ਸਿਰਜਨਾ ਕਰਨ ਵਾਲੇ! ਦਾਸ ਜਾਣ ਕੇ ਮੇਰੀ ਰਖਿਆ ਕਰੋ।੩੭੬।

ਕਵੀ ਨੇ ਬੇਨਤੀ ਕੀਤੀ--

ਚੌਪਈ

(ਹੇ ਪਰਮ ਸੱਤਾ!) ਆਪਣਾ ਹੱਥ ਦੇ ਕੇ ਮੇਰੀ ਰਖਿਆ ਕਰੋ। (ਤਾਂ ਜੋ) ਮੇਰੇ ਚਿਤ ਦੀ ਇੱਛਾ ਪੂਰੀ ਹੋ ਜਾਏ। ਮੇਰਾ ਮਨ (ਸਦਾ) ਤੁਹਾਡੇ ਚਰਨਾਂ ਨਾਲ ਜੁੜਿਆ ਰਹੇ। ਆਪਣਾ ਜਾਣ ਕੇ ਮੇਰੀ ਪ੍ਰਤਿਪਾਲਨਾ ਕਰੋ।੩੭੭।

ਮੇਰੇ ਸਾਰੇ ਦੁਸ਼ਟਾਂ (ਦੁਸ਼ਮਣਾਂ) ਨੂੰ ਤੁਸੀਂ ਖ਼ਤਮ ਕਰੋ। ਮੈਨੂੰ ਆਪਣਾ ਹੱਥ ਦੇ ਕੇ ਬਚਾਓ। ਹੇ ਕਰਤਾਰ! ਮੇਰਾ ਪਰਿਵਾਰ, ਸੇਵਕ, ਸਿੱਖ ਸਭ ਸੁਖੀ ਵਸਦੇ ਰਹਿਣ।੩੭੮।

ਆਪਣਾ ਹੱਥ ਦੇ ਕੇ ਮੇਰੀ ਰਖਿਆ ਕਰੋ। ਸਾਰਿਆਂ ਵੈਰੀਆਂ ਨੂੰ ਅਜ ਹੀ ਮਾਰ ਦਿਓ। ਮੇਰੀ ਆਸ ਪੂਰੀ ਹੋ ਜਾਏ। (ਸਦਾ) ਤੇਰੇ ਭਜਨ ਲਈ (ਅਥਵਾ ਭਗਤੀ ਲਈ) ਪਿਆਸ (ਤੀਬਰ ਇੱਛਾ) ਬਣੀ ਰਹੇ।੩੭੯।

ਤੁਹਾਨੂੰ ਛਡ ਕੇ ਕਿਸੇ ਹੋਰ ਦੀ ਅਰਾਧਨਾ ਨ ਕਰਾਂ। ਜੋ ਵਰ ਚਾਹਵਾਂ, ਤੁਹਾਡੇ ਤੋਂ ਹੀ ਪ੍ਰਾਪਤ ਕਰਾਂ। ਮੇਰੇ ਸੇਵਕਾਂ ਅਤੇ ਸਿੱਖਾਂ ਨੂੰ (ਭਵਸਾਗਰ ਵਿਚੋਂ) ਤਾਰ ਦਿਓ। ਮੇਰੇ ਵੈਰੀਆਂ ਨੂੰ ਚੁਣ ਚੁਣ ਕੇ ਮਾਰ ਦਿਓ।੩੮੦।

ਆਪਣਾ ਹੱਥ ਦੇ ਕੇ ਮੇਰਾ ਉੱਧਾਰ ਕਰੋ। ਮੌਤ ਦੇ ਸਮੇਂ ਦਾ ਡਰ ਦੂਰ ਕਰ ਦਿਓ। ਹੇ ਅਸਿਧੁਜ ਜੀ! ਸਦਾ ਮੇਰੇ ਪੱਖ ਵਿਚ ਰਹੋ ਅਤੇ ਮੇਰੀ ਰਖਿਆ ਕਰੋ।੩੮੧।

ਹੇ ਰਖਿਆ ਕਰਨ ਵਾਲੇ! ਮੇਰੀ ਰਖਿਆ ਕਰੋ। (ਤੁਸੀਂ) ਸੰਤਾਂ ਦੇ ਸਾਹਿਬ (ਸੁਆਮੀ) ਅਤੇ ਪਿਆਰੇ ਸਹਾਇਕ ਹੋ। (ਤੁਸੀਂ) ਦੀਨਾਂ ਦੇ ਬੰਧੁ ਅਤੇ ਦੁਸ਼ਟਾਂ ਦੇ ਸੰਘਾਰਕ ਹੋ। ਤੁਸੀਂ ਹੀ ਚੌਦਾਂ ਪੁਰੀਆਂ (ਲੋਕਾਂ) ਦੇ ਸੁਆਮੀ ਹੋ।੩੮੨।

ਕਾਲ ਪਾਇ ਬ੍ਰਹਮਾ ਬਪੁ ਧਰਾ। ਕਾਲ ਪਾਇ ਸਿਵ ਜੂ ਅਵਤਰਾ।
ਕਾਲ ਪਾਇ ਕਰਿ ਬਿਸਨ ਪ੍ਰਕਾਸਾ। ਸਕਲ ਕਾਲ ਕਾ ਕੀਯਾ ਤਮਾਸਾ। ੩੮੩।

ਜਵਨ ਕਾਲ ਜੋਗੀ ਸਿਵ ਕੀਯੋ। ਬੇਦ ਰਾਜ ਬ੍ਰਹਮਾ ਜੂ ਥੀਯੋ।
ਜਵਨ ਕਾਲ ਸਭ ਲੋਕ ਸਵਾਰਾ। ਨਮਸਕਾਰ ਹੈ ਤਾਹਿ ਹਮਾਰਾ। ੩੮੪।

ਜਵਨ ਕਾਲ ਸਭ ਜਗਤ ਬਨਾਯੋ। ਦੇਵ ਦੈਤ ਜਛਨ ਉਪਜਾਯੋ।
ਆਦਿ ਅੰਤਿ ਏਕੈ ਅਵਤਾਰਾ। ਸੋਈ ਗੁਰੂ ਸਮਝਿਯਹੁ ਹਮਾਰਾ। ੩੮੫।

ਨਮਸਕਾਰ ਤਿਸ ਹੀ ਕੋ ਹਮਾਰੀ। ਸਕਲ ਪ੍ਰਜਾ ਜਿਨ ਆਪ ਸਵਾਰੀ।
ਸਿਵਕਨ ਕੋ ਸਿਵਗੁਨ ਸੁਖ ਦੀਯੋ। ਸਤ੍ਰੁਨ ਕੋ ਪਲ ਮੋ ਬਧ ਕੀਯੋ। ੩੮੬।

ਘਟ ਘਟ ਕੇ ਅੰਤਰ ਕੀ ਜਾਨਤ। ਭਲੇ ਬੁਰੇ ਕੀ ਪੀਰ ਪਛਾਨਤ।
ਚੀਟੀ ਤੇ ਕੁੰਚਰ ਅਸਥੂਲਾ। ਸਭ ਪਰ ਕ੍ਰਿਪਾ ਦ੍ਰਿਸਟਿ ਕਰਿ ਫੂਲਾ। ੩੮੭।

ਸੰਤਨ ਦੁਖ ਪਾਏ ਤੇ ਦੁਖੀ। ਸੁਖ ਪਾਏ ਸਾਧਨ ਕੇ ਸੁਖੀ।
ਏਕ ਏਕ ਕੀ ਪੀਰ ਪਛਾਨੈ। ਘਟ ਘਟ ਕੇ ਪਟ ਪਟ ਕੀ ਜਾਨੈ। ੩੮੮।

ਜਬ ਉਦਕਰਖ ਕਰਾ ਕਰਤਾਰਾ। ਪ੍ਰਜਾ ਧਰਤ ਤਬ ਦੇਹ ਅਪਾਰਾ।
ਜਬ ਆਕਰਖ ਕਰਤ ਹੋ ਕਬਹੂੰ। ਤੁਮ ਮੈ ਮਿਲਤ ਦੇਹ ਧਰ ਸਭਹੂੰ। ੩੮੯।

ਜੇਤੇ ਬਦਨ ਸ੍ਰਿਸਟਿ ਸਭ ਧਾਰੈ। ਆਪੁ ਆਪੁਨੀ ਬੂਝਿ ਉਚਾਰੈ।
ਤੁਮ ਸਭ ਹੀ ਤੇ ਰਹਤ ਨਿਰਾਲਮ। ਜਾਨਤ ਬੇਦ ਭੇਦ ਅਰੁ ਆਲਮ। ੩੯0।

ਨਿਰੰਕਾਰ ਨ੍ਰਿਬਿਕਾਰ ਨ੍ਰਿਲੰਭ। ਆਦਿ ਅਨੀਲ ਅਨਾਦਿ ਅਸੰਭ।
ਤਾ ਕਾ ਮੂੜ ਉਚਾਰਤ ਭੇਦਾ। ਜਾ ਕੋ ਭੇਵ ਨ ਪਾਵਤ ਬੇਦਾ। ੩੯੧।

ਤਾ ਕੌ ਕਰਿ ਪਾਹਨ ਅਨੁਮਾਨਤ। ਮਹਾ ਮੂੜ ਕਛੁ ਭੇਦ ਨ ਜਾਨਤ।
ਮਹਾਦੇਵ ਕੌ ਕਹਤ ਸਦਾ ਸਿਵ। ਨਿਰੰਕਾਰ ਕਾ ਚੀਨਤ ਨਹਿ ਭਿਵ। ੩੯੨।

ਆਪੁ ਆਪੁਨੀ ਬੁਧਿ ਹੈ ਜੇਤੀ। ਬਰਨਤ ਭਿੰਨ ਭਿੰਨ ਤੁਹਿ ਤੇਤੀ।
ਤੁਮਰਾ ਲਖਾ ਨ ਜਾਇ ਪਸਾਰਾ। ਕਿਹ ਬਿਧਿ ਸਜਾ ਪ੍ਰਥਮ ਸੰਸਾਰਾ। ੩੯੩।

ਏਕੈ ਰੂਪ ਅਨੂਪ ਸਰੂਪਾ। ਰੰਕ ਭਯੋ ਰਾਵ ਕਹੀ ਭੂਪਾ।
ਅੰਡਜ ਜੇਰਜ ਸੇਤਜ ਕੀਨੀ। ਉਤਭੁਜ ਖਾਨਿ ਬਹੁਰਿ ਰਚਿ ਦੀਨੀ। ੩੯੪।

ਸਮਾਂ ਆਣ ਤੇ ਹੀ ਬ੍ਰਹਮਾ ਨੇ ਸ਼ਰੀਰ ਧਾਰਨ ਕੀਤਾ। ਸਮਾਂ ਪਾ ਕੇ ਹੀ ਸ਼ਿਵ ਜੀ ਨੇ ਅਵਤਾਰ ਧਾਰਿਆ। ਕਾਲ ਦੀ ਪ੍ਰਾਪਤੀ ਤੇ ਹੀ ਵਿਸ਼ਣੂ ਦਾ ਪ੍ਰਕਾਸ਼ ਹੋਇਆ। (ਹੇ ਮਹਾਕਾਲ! ਤੁਸੀਂ ਹੀ) ਸਾਰਿਆਂ ਕਾਲਾਂ ਦਾ ਕੌਤਕ ਰਚਾਇਆ ਹੋਇਆ ਹੈ।੩੮੩।

ਜਿਸ ਕਾਲ ਨੇ ਸ਼ਿਵ ਨੂੰ ਜੋਗੀ ਬਣਾਇਆ ਹੈ ਅਤੇ ਬ੍ਰਹਮਾ ਜੀ ਨੂੰ ਵੇਦਾਂ ਦਾ ਰਾਜਾ ਬਣਾਇਆ ਹੈ। ਜਿਸ ਕਾਲ ਨੇ ਸਾਰਿਆਂ ਲੋਕਾਂ (ਭੁਵਨਾਂ) ਨੂੰ ਸੰਵਾਰਿਆ ਹੈ, ਉਸ ਨੂੰ ਮੇਰਾ ਪ੍ਰਨਾਮ ਹੈ।੩੮੪।

ਜਿਸ ਕਾਲ ਨੇ ਸਾਰਾ ਜਗਤ ਬਣਾਇਆ ਅਤੇ ਦੇਵਤੇ, ਦੈਂਤ ਤੇ ਯਕਸ਼ ਪੈਦਾ ਕੀਤੇ। (ਜੋ) ਆਦਿ ਤੋਂ ਅੰਤ ਤਕ ਅਵਤਰਿਤ ਹੈ (ਭਾਵ ਪ੍ਰਕਾਸ਼ਮਾਨ ਹੈ), ਉਸੇ ਨੂੰ ਮੇਰਾ ਗੁਰੂ ਸਮਝੋ।੩੮੫।

ਉਸ ਨੂੰ ਮੇਰਾ ਨਮਸਕਾਰ ਹੈ, ਜਿਸ ਨੇ ਸਾਰੀ ਪ੍ਰਜਾ ਨੂੰ ਬਣਾਇਆ ਹੈ। (ਹੇ ਪਰਮ ਸੱਤਾ! ਤੁਸੀਂ) ਸੇਵਕਾਂ ਨੂੰ ਸ਼ੁਭ ਗੁਣ ਅਤੇ ਸੁਖ ਦਿੱਤਾ ਹੈ ਅਤੇ ਵੈਰੀਆਂ ਦਾ ਛਿਣ ਵਿਚ ਵੱਧ ਕੀਤਾ ਹੈ।੩੮੬।

(ਤੁਸੀਂ) ਹਰ ਇਕ ਦੇ ਅੰਦਰ ਦੀ ਗੱਲ ਜਾਣਦੇ ਹੋ ਅਤੇ ਚੰਗੇ ਮਾੜੇ ਦੀ ਪੀੜ (ਦੁਖ) ਨੂੰ ਪਛਾਣਦੇ ਹੋ। ਕੀੜੀ ਤੋਂ ਲੈ ਕੇ ਵਡਾਕਾਰੇ ਹਾਥੀ ਤਕ, ਸਭ ਉਤੇ ਕ੍ਰਿਪਾ ਦ੍ਰਿਸ਼ਟੀ ਰਖ ਕੇ ਪ੍ਰਸੰਨ ਹੁੰਦੇ ਹੋ।੩੮੭।

ਸੰਤਾਂ ਦੇ ਦੁਖੀ ਹੋਣ ਤੇ (ਤੁਸੀਂ) ਦੁਖੀ ਹੁੰਦੇ ਹੋ ਅਤੇ ਸਾਧਾਂ ਦੇ ਸੁਖ ਪ੍ਰਾਪਤ ਕਰਨ ਤੇ ਸੁਖੀ ਹੁੰਦੇ ਹੋ। (ਤੁਸੀਂ) ਇਕ ਇਕ ਦੇ ਦੁਖ ਨੂੰ ਪਛਾਣਦੇ ਹੋ ਅਤੇ ਹਰ ਇਕ ਦੇ ਅੰਦਰ ਪਰਦਿਆਂ (ਵਿਚ ਲੁਕੇ ਭੇਦਾਂ ਨੂੰ) ਜਾਣਦੇ ਹੋ।੩੮੮।

ਹੇ ਕਰਤਾਰ! ਜਦੋਂ (ਤੁਸੀਂ ਆਪਣਾ) ਵਿਸਤਾਰ ਕਰਦੇ ਹੋ, ਤਦ ਸਾਰੀ ਪ੍ਰਜਾ (ਆਪਣੀ) ਅਪਾਰ ਹੋਂਦ ਧਾਰਨ ਕਰਦੀ ਹੈ। ਜਦ ਕਦੇ (ਸ੍ਰਿਸ਼ਟੀ ਨੂੰ ਆਪਣੇ ਵਲ) ਖਿਚਦੇ ਹੋ, (ਤਦ) ਤੁਹਾਡੇ ਵਿਚ ਸਾਰੇ ਆਕਾਰ (ਦੇਹ-ਧਾਰੀ) ਸਮਾ ਜਾਂਦੇ ਹਨ।੩੮੯।

ਸ੍ਰਿਸ਼ਟੀ ਵਿਚ ਜਿਤਨੇ ਵੀ ਸਭ ਮੂੰਹ ('ਬਦਨ') ਬਣੇ ਹੋਏ ਹਨ, (ਉਨ੍ਹਾਂ ਸਭ ਨੇ) ਆਪਣੀ ਆਪਣੀ ਸੂਝ ਅਨੁਸਾਰ (ਤੇਰੇ ਗੁਣਾਂ ਦਾ) ਗਾਇਨ ਕੀਤਾ ਹੈ। ਤੁਸੀਂ ਸਾਰਿਆਂ ਤੋਂ ਬੇਲਾਗ ਰਹਿੰਦੇ ਹੋ। (ਇਸ) ਭੇਦ ਨੂੰ ਸਾਰੇ ਵੇਦ ਅਤੇ (ਸੰਸਾਰ ਦੇ) ਵਿਦਵਾਨ ਜਾਣਦੇ ਹਨ।੩੯੦।

(ਹੇ ਪਰਮ ਸੱਤਾ! ਤੁਸੀਂ) ਨਿਰਾਕਾਰ, ਨਿਰਵਿਕਾਰ, ਨਿਰਾਧਾਰ ('ਨ੍ਰਿਲੰਭ'), ਆਦਿ (ਸਰੂਪ), ਅਨੀਲ (ਉਜਲੇ), ਅਨਾਦਿ, ਅਸੰਭ (ਜਨਮ ਰਹਿਤ) ਹੋ। ਮੂਰਖ ਲੋਗ ਉਸ ਦੇ ਭੇਦ ਦਾ ਵਰਣਨ ਕਰਦੇ ਹਨ, ਜਿਸ ਦਾ ਭੇਦ ਵੇਦ ਵੀ ਨਹੀਂ ਪਾ ਸਕੇ ਹਨ।੩੯੧।

(ਜੋ) ਉਸ ਦਾ ਅਨੁਮਾਨ ਪੱਥਰ ਵਿਚ ਕਰਦੇ ਹਨ, (ਉਹ) ਮਹਾ ਮੂਰਖ (ਉਸ ਦਾ) ਕੁਝ ਵੀ ਭੇਦ ਨਹੀਂ ਜਾਣਦੇ। ਉਹ ਮਹਾਦੇਵ ਨੂੰ ਸਦਾ ਸ਼ਿਵ (ਸਦਾ ਕਲਿਆਣਕਾਰੀ ਈਸ਼ਵਰ) ਕਹਿੰਦੇ ਹਨ, ਪਰ ਨਿਰੰਕਾਰ ਦਾ ਭੇਦ ਨਹੀਂ ਸਮਝਦੇ।੩੯੨।

(ਹਰ ਇਕ ਦੀ) ਆਪੋ ਆਪਣੀ ਜਿਤਨੀ ਬੁੱਧੀ ਹੈ, (ਉਹ) ਤੁਹਾਡਾ ਭਿੰਨ ਭਿੰਨ ਵਰਣਨ ਕਰਦੇ ਹਨ। (ਹੇ ਪ੍ਰਭੂ!) ਤੁਹਾਡੇ ਪਸਾਰੇ ਨੂੰ ਸਮਝਿਆ ਨਹੀਂ ਜਾ ਸਕਦਾ ਕਿ ਕਿਸ ਤਰ੍ਹਾਂ ਪਹਿਲਾਂ ਸੰਸਾਰ ਸਾਜਿਆ ਗਿਆ।੩੯੩।

(ਤੇਰਾ) ਇਕੋ ਰੂਪ ਅਨੇਕ ਸਰੂਪਾਂ ਵਾਲਾ ਹੈ। (ਤੁਸੀਂ ਹੀ) ਕਿਤੇ ਰੰਕ ਹੋ, ਕਿਤੇ ਰਾਓ ਅਤੇ ਕਿਤੇ ਰਾਜੇ ਕਹੀਦੇ ਹੋ। (ਤੁਸੀਂ ਪਹਿਲਾਂ) ਅੰਡਜ, ਜੇਰਜ ਅਤੇ ਸੇਤਜ (ਖਾਣੀਆਂ ਦੀ ਰਚਨਾ) ਕੀਤੀ ਅਤੇ ਫਿਰ ਉਤਭੁਜ ਖਾਣੀ ਦੀ ਰਚਨਾ ਕਰ ਦਿੱਤੀ।੩੯੪।

ਕਹੂੰ ਫੂਲਿ ਰਾਜਾ ਹ੍ਵੈ ਬੈਠਾ। ਕਹੂੰ ਸਿਮਟਿ ਭਯੋ ਸੰਕਰ ਇਕੈਠਾ।
ਸਗਰੀ ਸ੍ਰਿਸਟਿ ਦਿਖਾਇ ਅਚੰਭਵ। ਆਦਿ ਜੁਗਾਦਿ ਸਰੂਪ ਸੁਯੰਭਵ। ੩੯੫।

ਅਬ ਰਛਾ ਮੇਰੀ ਤੁਮ ਕਰੋ। ਸਿਖ੍ਯ ਉਬਾਰਿ ਅਸਿਖ੍ਯ ਸੰਘਰੋ।
ਦੁਸਟ ਜਿਤੇ ਉਠਵਤ ਉਤਪਾਤਾ। ਸਕਲ ਮਲੇਛ ਕਰੋ ਰਣ ਘਾਤਾ। ੩੯੬।

ਜੇ ਅਸਿਧੁਜ ਤਵ ਸਰਨੀ ਪਰੇ। ਤਿਨ ਕੇ ਦੁਸਟ ਦੁਖਿਤ ਹ੍ਵੈ ਮਰੇ।
ਪੁਰਖ ਜਵਨ ਪਗੁ ਕਰੇ ਤਿਹਾਰੇ। ਤਿਨ ਕੇ ਤੁਮ ਸੰਕਟ ਸਭ ਟਾਰੇ। ੩੯੭।

ਜੋ ਕਲਿ ਕੌ ਇਕ ਬਾਰ ਧਿਐਹੈ। ਤਾ ਕੇ ਕਾਲ ਨਿਕਟਿ ਨਹਿ ਐਹੈ।
ਰਛਾ ਹੋਇ ਤਾਹਿ ਸਭ ਕਾਲਾ। ਦੁਸਟ ਅਰਿਸਟ ਟਰੇ ਤਤਕਾਲਾ। ੩੯੮।

ਕ੍ਰਿਪਾ ਦ੍ਰਿਸਟਿ ਤਨ ਜਾਹਿ ਨਿਹਰਿਹੋ। ਤਾ ਕੇ ਤਾਪ ਤਨਕ ਮਹਿ ਹਰਿ ਹੋ।
ਰਿਧਿ ਸਿਧਿ ਘਰ ਮੋ ਸਭ ਹੋਈ। ਦੁਸਟ ਛਾਹ ਛ੍ਵੈ ਸਕੈ ਨ ਕੋਈ। ੩੯੯।

ਏਕ ਬਾਰ ਜਿਨ ਤੁਮੈ ਸੰਭਾਰਾ। ਕਾਲ ਫਾਸ ਤੇ ਤਾਹਿ ਉਬਾਰਾ।
ਜਿਨ ਨਰ ਨਾਮ ਤਿਹਾਰੋ ਕਹਾ। ਦਾਰਿਦ ਦੁਸਟ ਦੋਖ ਤੇ ਰਹਾ। ੪੦੦।

ਖੜਗਕੇਤੁ ਮੈ ਸਰਨਿ ਤਿਹਾਰੀ। ਆਪੁ ਹਾਥ ਦੈ ਲੇਹੁ ਉਬਾਰੀ।
ਸਰਬ ਠੌਰ ਮੋ ਹੋਹੁ ਸਹਾਈ। ਦੁਸਟ ਦੋਖ ਤੇ ਲੇਹੁ ਬਚਾਈ। ੪੦੧।

ਕ੍ਰਿਪਾ ਕਰੀ ਹਮ ਪਰ ਜਗਮਾਤਾ। ਗ੍ਰੰਥ ਕਰਾ ਪੂਰਨ ਸੁਭਰਾਤਾ।
ਕਿਲਬਿਖ ਸਕਲ ਦੇਖ ਕੋ ਹਰਤਾ। ਦੁਸਟ ਦੋਖਿਯਨ ਕੋ ਛੈ ਕਰਤਾ। ੪੦੨।

ਸ੍ਰੀ ਅਸਿਧੁਜ ਜਬ ਭਏ ਦਯਾਲਾ। ਪੂਰਨ ਕਰਾ ਗ੍ਰੰਥ ਤਤਕਾਲਾ।
ਮਨ ਬਾਛਤ ਫਲ ਪਾਵੈ ਸੋਈ। ਦੂਖ ਨ ਤਿਸੈ ਬਿਆਪਤ ਕੋਈ। ੪੦੩।

ਅੜਿਲ

ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ।
ਸੁਨੈ ਮੂੜ ਚਿਤ ਲਾਇ ਚਤੁਰਤਾ ਆਵਈ।
ਦੂਖ ਦਰਦ ਭੌ ਨਿਕਟ ਨ ਤਿਨ ਨਰ ਕੇ ਰਹੈ।
ਹੋ ਜੋ ਯਾ ਕੀ ਏਕ ਬਾਰ ਚੌਪਈ ਕੋ ਕਹੈ। ੪੦੪।

ਚੌਪਈ

ਸੰਬਤ ਸਤ੍ਰਹ ਸਹਸ ਭਣਿਜੈ। ਅਰਧ ਸਹਸ ਫੁਨਿ ਤੀਨਿ ਕਹਿਜੈ।
ਭਾਦ੍ਰਵ ਸੁਦੀ ਅਸਟਮੀ ਰਵਿ ਵਾਰਾ। ਤੀਰ ਸਤੁਦ੍ਰਵ ਗ੍ਰੰਥ ਸੁਧਾਰਾ। ੪੦੫।

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਚਾਰ ਸੌ ਚਾਰ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ। ੪੦੪। ੭੫੩੯। ਸਮਾਪਤਮ।

ਕਿਤੇ (ਤੁਸੀਂ) ਪ੍ਰਸੰਨਤਾ ਪੂਰਵਕ ਰਾਜੇ ਬਣੇ ਬੈਠੇ ਹੋ ਅਤੇ ਕਿਤੇ ਸਿਮਟ ਕੇ ਸ਼ੰਕਰ ਦੀ (ਮੂਰਤੀ ਵਿਚ) ਇਕੱਠੇ ਹੋ ਗਏ ਹੋ (ਅਰਥਾਂਤਰ੍ਹ ਕਿਤੇ ਸੰਯੁਕਤ ਹੋ ਕੇ ਇਕੱਠੇ ਸਿਮਟੇ ਹੋਏ ਹੋ)। (ਤੁਸੀਂ) ਸਾਰੀ ਸ੍ਰਿਸ਼ਟੀ ਦਾ ਅਚੰਭਾ ਵਿਖਾਇਆ ਹੈ। (ਤੁਸੀਂ) ਮੁਢ ਵਿਚ, ਜੁਗਾਂ ਦੇ ਆਰੰਭ ਵਿਚ ਆਪਣੇ ਆਪ ਹੋਂਦ ਵਿਚ ਆਣ ਵਾਲੇ ਸਰੂਪ ਹੋ।੩੯੫।

(ਤੁਸੀਂ) ਹੁਣ ਮੇਰੀ ਰਖਿਆ ਕਰੋ। (ਤੁਸੀਂ) ਸਿੱਖਾਂ ਨੂੰ ਬਚਾਓ ਅਤੇ ਅਸਿੱਖਾਂ ਨੂੰ ਨਸ਼ਟ ਕਰੋ। ਜਿਤਨੇ ਦੁਸ਼ਟ ਉਤਪਾਤ (ਉਪਦ੍ਰ) ਮਚਾਉਂਦੇ ਹਨ, (ਉਨ੍ਹਾਂ) ਸਾਰਿਆਂ ਮਲੇਛਾਂ ਦਾ ਰਣ ਵਿਚ ਨਾਸ਼ ਕਰੋ।੩੯੬।

ਹੇ ਅਸਿਧੁਜ! ਜੋ ਤੁਹਾਡੀ ਸ਼ਰਨ ਵਿਚ ਪੈਂਦੇ ਹਨ, ਉਨ੍ਹਾਂ ਦੇ ਦੁਸ਼ਟ (ਦੁਸ਼ਮਨ) ਦੁਖੀ ਹੋ ਕੇ ਮਰਦੇ ਹਨ। (ਜੋ) ਪੁਰਸ਼ ਤੁਹਾਡੀ ਸ਼ਰਨ ਵਿਚ ਪੈਂਦੇ ਹਨ, ਉਨ੍ਹਾਂ ਦੇ ਸਾਰੇ ਸੰਕਟ ਤੁਸੀਂ ਦੂਰ ਕਰ ਦਿੰਦੇ ਹੋ।੩੯੭।

ਜੋ 'ਕਲਿ' ਨੂੰ ਇਕ ਵਾਰ ਧਿਆਉਂਦੇ ਹਨ, (ਫਿਰ) ਕਾਲ ਉਨ੍ਹਾਂ ਦੇ ਨੇੜੇ ਨਹੀਂ ਆਉਂਦਾ। ਉਨ੍ਹਾਂ ਦੀ ਸਾਰੇ ਕਾਲਾਂ ਵਿਚ ਰਖਿਆ ਹੁੰਦੀ ਹੈ (ਅਤੇ ਉਨ੍ਹਾਂ ਦੇ) ਦੁਸ਼ਟ ਅਤੇ ਵਿਘਨ ਉਸੇ ਵੇਲੇ ਦੂਰ ਹੋ ਜਾਂਦੇ ਹਨ।੩੯੮।

(ਤੁਸੀਂ) ਜਿਸ ਨੂੰ ਕ੍ਰਿਪਾ ਦ੍ਰਿਸ਼ਟੀ ਨਾਲ ਵੇਖਦੇ ਹੋ, ਉਨ੍ਹਾਂ ਦੇ (ਸਾਰੇ) ਦੁਖ ਛਿਣ ਵਿਚ ਹਰੇ ਜਾਂਦੇ ਹਨ। (ਉਨ੍ਹਾਂ ਦੇ) ਘਰ ਵਿਚ ਸਭ ਰਿਧੀਆਂ ਅਤੇ ਸਿਧੀਆਂ ਹੋ ਜਾਂਦੀਆਂ ਹਨ ਅਤੇ ਕੋਈ ਦੁਸ਼ਟ (ਦੁਸ਼ਮਨ) (ਉਨ੍ਹਾਂ ਦੀ) ਪਰਛਾਈ ਨੂੰ ਵੀ ਛੋਹ ਨਹੀਂ ਸਕਦਾ।੩੯੯।

(ਹੇ ਪਰਮ ਸੱਤਾ!) ਜਿਸ ਨੇ ਇਕ ਵਾਰ ਤੁਹਾਨੂੰ ਯਾਦ ਕਰ ਲਿਆ, ਉਸ ਨੂੰ (ਤੁਸੀਂ) ਕਾਲ ਦੀ ਫਾਹੀ ਤੋਂ ਬਚਾ ਲਿਆ। ਜਿਸ ਵਿਅਕਤੀ ਨੇ ਤੁਹਾਡਾ ਨਾਮ ਉਚਾਰ ਦਿੱਤਾ, (ਉਹ) ਦਰਿਦ੍ਰ (ਗਰੀਬੀ), ਦੁਸ਼ਟ (ਦੁਸ਼ਮਨ) ਅਤੇ ਦੁਖਾਂ ਤੋਂ ਬਚ ਗਿਆ।੪੦੦।

ਹੇ ਖੜਗਕੇਤੁ! ਮੈਂ ਤੁਹਾਡੀ ਸ਼ਰਨ ਵਿਚ ਹਾਂ। ਆਪਣਾ ਹੱਥ ਦੇ ਕੇ (ਮੈਨੂੰ) ਬਚਾ ਲਵੋ। ਸਭ ਥਾਂਵਾਂ ਤੇ ਮੇਰੇ ਸਹਾਇਕ ਹੋ ਜਾਓ। ਦੁਸ਼ਟ (ਦੁਸ਼ਮਨ) ਅਤੇ ਦੁਖ ਤੋਂ ਬਚਾ ਲਵੋ।੪੦੧।

ਮੇਰੇ ਉਤੇ ਜਗਮਾਤਾ ਨੇ ਕ੍ਰਿਪਾ ਕੀਤੀ ਹੈ (ਅਤੇ ਮੈਂ) ਸ਼ੁਭ ਗੁਣਾਂ ਨਾਲ ਭਰਪੂਰ ('ਸੁਭ-ਰਾਤਾ') ਗ੍ਰੰਥ ਪੂਰਾ ਕੀਤਾ ਹੈ। (ਉਹੀ) ਮੇਰੇ ਸ਼ਰੀਰ ਦੇ ਸਾਰੇ ਪਾਪਾਂ ਨੂੰ ਨਸ਼ਟ ਕਰਨ ਵਾਲੀ ਅਤੇ ਦੁਸ਼ਟਾਂ (ਵੈਰੀਆਂ) ਅਤੇ ਦੋਖੀਆਂ ਨੂੰ ਨਸ਼ਟ ਕਰਨ ਵਾਲੀ ਹੈ।੪੦੨।

ਜਦ ਸ੍ਰੀ ਅਸਿਧੁਜ (ਮਹਾ ਕਾਲ) ਦਿਆਲ ਹੋਏ, ਤਾਂ ਉਸੇ ਵੇਲੇ (ਮੈਂ ਇਹ) ਗ੍ਰੰਥ ਮੁਕੰਮਲ ਕਰ ਲਿਆ। (ਜੋ ਇਸ ਦਾ ਪਠਨ ਪਾਠਨ ਕਰੇਗਾ) ਉਹ ਮਨ-ਇੱਛਤ ਫਲ ਪ੍ਰਾਪਤ ਕਰੇਗਾ। ਉਸ ਨੂੰ ਕੋਈ ਵੀ ਦੁਖ ਵਿਆਪਤ ਨਹੀਂ ਹੋਵੇਗਾ।੪੦੩।

ਅੜਿਲ

ਇਸ ਗ੍ਰੰਥ ਨੂੰ ਜੇ ਗੁੰਗਾ ਸੁਣੇਗਾ, (ਤਾਂ) ਉਹ ਜੀਭ ਪ੍ਰਾਪਤ ਕਰ ਲਵੇਗਾ। ਜੇ ਮੂਰਖ ਚਿਤ ਲਗਾ ਕੇ ਸੁਣੇਗਾ, (ਤਾਂ ਉਸ ਦੇ ਅੰਦਰ) ਸਿਆਣਪ ਆ ਜਾਏਗੀ। ਉਸ ਵਿਅਕਤੀ ਦੇ ਨੇੜੇ ਦੁਖ, ਦਰਦ ਅਤੇ ਭੈ ਨਹੀਂ ਰਹੇਗਾ, ਜੋ ਇਕ ਵਾਰ ਇਸ ਚੌਪਈ ਦਾ ਪਾਠ ਕਰੇਗਾ।੪੦੪।

ਚੌਪਈ

(ਪਹਿਲਾਂ) ਸਤਾਰਾਂ ਸੌ ਸੰਮਤ ਕਹੋ ਅਤੇ (ਫਿਰ ਉਸ ਨਾਲ) ਅੱਧਾ ਸੌ (੫੦) ਅਤੇ ਤਿੰਨ ਕਹੋ (ਅਰਥਾਤ੍ਹ ੧੭੫੩ ਬਿ.)। ਭਾਦੋਂ ਮਹੀਨੇ ਦੀ ਸੁਦੀ ਅੱਠਵੀਂ ਐਤਵਾਰ ਨੂੰ ਸਤਲੁਜ ਨਦੀ ਦੇ ਕੰਢੇ (ਬੈਠ ਕੇ ਇਹ) ਗ੍ਰੰਥ ਸੰਪੂਰਨ ਕੀਤਾ।੪੦੫।

ਇਥੇ ਸ੍ਰੀ ਚਰਿਤ੍ਰੋਪਾਖਿਆਨ ਦੇ ਤ੍ਰੀਆ ਚਰਿਤ੍ਰ ਦੇ ਮੰਤ੍ਰੀ ਭੂਪ ਸੰਵਾਦ ਦੇ ੪੦੪ ਚਰਿਤ੍ਰ ਦੀ ਸਮਾਪਤੀ, ਸਭ ਸੁਭ ਹੈ। ੪੦੪। ੭੫੩੯। ਸਮਾਪਤ।